# ਅੰਮ੍ਰਿਤ ਕੀਰਤਨ

ਜੁਲਾਈ 2013



Source : www.sikh-heritage.co.uk

Musician Sikh Period, Lahore (1799-1839) ChugtaiMuseum Lahore

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਪੈਂਤੀ ਅੱਖਰੀ-ਕਾਫ਼ੀਆਂ

## ਠ


ਠੋਕਰ ਰੱਬ ਦੀ ਡਾਢੀ ਹੁੰਦੀ,
ਉਸ ਤੋਂ ਬਚ ਕੇ ਰਹਿਣਾ ਹੂ।

ਦਰਦਵੰਦਾਂ ਦੇ ਦਰਦ ਵੰਡਾਉ,
ਇਹ ਸੰਤਨ ਦਾ ਕਹਿਣਾ ਹੂ।

ਭਲਿਆਂ ਦੀ ਹੀ ਸੰਗਤ ਕਰੀਏ,
ਪਾਸ ਉਹਨਾਂ ਦੇ ਬਹਿਣਾ ਹੂ।

ਸੰਤੋਖ ਦੁਖੀਆਂ ਦੇ ਦੁੱਖ ਵੰਡਾ ਕੇ
ਆਪੂੰ ਭੀ ਕੁਝ ਸਹਿਣਾ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**



# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ



ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-**ਚਉਥੈ ਪਹਰਿ ਸੁਬਾਹ ਕੈ** 5

ਰਬਾਬੀ ਕੀਰਤਨੀਏ ਭਾਈ ਸੱਤਾ ਅਤੇ ਬਲਵੰਡ
ਡਾ. ਜਸਬੀਰ ਕੌਰ 6

ਗਜ਼ਲਕਾਰ ਜਗਜੀਤ ਸਿੰਘ 13
ਕਰਮ ਸਿੰਘ ਰਤਨ

ਸੁਰਾਂ ਦੀ ਮਲਿਕਾ ਸ਼ਮਸ਼ਾਦ ਬੇਗ਼ਮ 17
ਅਮਰਿੰਦਰ ਸਿੰਘ

शास्त्रीय संगीत तथा गुरमति संगीत की गायन शैलियाँ
सामंत कौर 19

**ਸੰਗੀਤ - ਰਾਸ਼ਟਰੀ ਏਕਤਾ ਦਾ ਪ੍ਰਤੀਕ** 21
ਡਾ. ਅਮਿਤਾ ਪਾਂਡੇ

Equipment 24
Edgar A. Guest


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ **'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ** State Bank of Patiala ਵਿਚ Amrit Kirtan Trust A/c 65079603302 **ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਮੈਂ ਜੋ ਆਪ ਨੂੰ ਦਸ ਰਹੀ ਹਾਂ, ਪਤਾ ਨਹੀਂ ਤੁਹਾਡੇ ਲਈ ਸਮੱਸਿਆ ਹੈ ਵੀ ਕਿ ਨਹੀਂ ਪਰ ਮੈਂ ਬਹੁਤ ਦੁਖੀ ਹਾਂ, ਥੱਕ ਚੁੱਕੀ ਹਾਂ।

ਮੈਂ ਐੱਮ. .ਏ. ਫਾਈਨ ਆਰਟਸ ਵਿਚ ਫਸਟ ਡਵੀਜ਼ਨ ਰਹਿ ਕੇ ਕੀਤੀ। ਇਕ ਸਕੂਲ ਵਿਚ ਨੌਕਰੀ ਮਿਲ ਗਈ। ਪਰ ਪਿਤਾ ਜੀ ਨੇ ਲੋਕਲ ਹੀ ਇਕ ਬੜੇ ਗੁਰਮੁੱਖ ਪਰਿਵਾਰ ਵਿਚ ਮੇਰਾਂ ਵਿਆਹ ਕਰ ਦਿੱਤਾ।ਮੇਰੇ ਪਤੀ ਸਾਬਤ ਸੂਰਤ ਪੱਕੇ ਗੁਰਸਿੱਖ ਹਨ।ਮੇਰੀ ਸੱਸ ਜੀ ਵੀ ਬੜੇ ਗੁਰਮੁੱਖ ਹਨ। ਪਰ ਸਹੁਰਾ ਜੀ ਨਹੀਂ ਹਨ। ਮੈਂ ਜਦੋਂ ਦੀ ਇਸ ਘਰ ਵਿਚ ਆਈ ਹਾਂ। ਮੇਰੇ ਪਤੀ ਦਾ ਨਿਤਨੇਮ ਹੈ, ਉਹ ਸਵੇਰੇ 4 ਵਜੇ ਉੱਠ ਕੇ ਕੇਸੀ ਇਸ਼ਨਾਨ ਕਰਕੇ ਸਿਮਰਨ ਕਰਦੇ ਹਨ। ਫਿਰ ਪੰਜ ਬਾਣੀਆਂ ਦਾ ਪਾਠ ਕਰਦੇ ਹਨ। ਫਿਰ ਮੇਰੀ ਸੱਸ ਜੀ ਅਤੇ ਮੇਰੇ ਪਤੀ ਜੀ ਆਸਾ ਦੀ ਵਾਰ ਕੀਰਤਨ ਟੀ. ਵੀ. ਤੇ ਦੇਖਦਿਆਂ ਦੇਖਦਿਆਂ ਅਰਦਾਸ ਕਰਦੇ ਹਨ। ਮੈਂ ਵੀ ਸਵੇਰੇ 5 ਵਜੇ ਉੱਠ ਕੇ ਛੇਤੀ ਛੇਤੀ ਇਸ਼ਨਾਨ ਕਰਦੀ ਹਾਂ ਤੇ ਰਸੋਈ ਵਿਚ ਚਲੀ ਜਾਂਦੀ ਹਾਂ। ਆਪਣੀ ਸੱਸ ਅਤੇ ਪਤੀ ਨੂੰ ਦੁੱਧ ਗਰਮ ਕਰਕੇ ਦਿੰਦੀ ਹਾਂ ਕਿਉਂਕਿ ਉਹ ਚਾਹ ਨਹੀਂ ਪੀਂਦੇ। ਮੈਂ ਆਪ ਵੀ ਚਾਹ ਪੀ ਕੇ ਸਾਰਿਆਂ ਦਾ ਨਾਸ਼ਤਾ ਤਿਆਰ ਕਰਦੀ ਹਾਂ, ਨਾਲ ਹੀ ਦੁਪਹਿਰ ਦਾ ਖਾਣਾ ਬਣਾਂਦੀ ਹਾਂ। ਮੈਂ ਅਤੇ ਮੇਰੇ ਪਤੀ ਨੇ ਨਾਲ ਲੈ ਕੇ ਜਾਣਾ ਹੁੰਦਾ ਹੈ। ਨਾਲ ਹੀ ਸੱਸ ਜੀ ਦੇ ਦੋ ਫੁੱਲਕੇ ਲਾਹ ਦਿੰਦੀ ਹਾਂ। ਭਾਜੜ ਭਾਜੜ ਵਿਚ ਆਪ ਨਾਸ਼ਤਾ ਲੈਂਦੀ ਹਾਂ, ਤਿਆਰ ਹੁੰਦੀ ਹਾਂ ਤੇ ਮੇਰੀ ਸਕੂਲ ਬਸ ਆ ਜਾਂਦੀ ਹੈ। ਸਕੂਲ ਬਸ ਵਿਚ ਬੈਠ ਕੇ ਕੁਝ ਚੈਨ ਮਿਲਦਾ ਹੈ। ਸਕੂਲ ਜਾ ਕੇ ਬੱਚਿਆਂ ਨੂੰ ਪੜਾਉਂਦੀ ਹਾਂ। ਅੱਜ ਕੱਲ ਖਿੱਝ ਬਹੁਤ ਚੜ੍ਹੀ ਰਹਿੰਦੀ ਹੈ। ਪਹਿਲਾਂ ਤਾਂ ਮੈਂ ਖੁਸ਼ ਰਹਿੰਦੀ ਸੀ, ਪਰ ਹੁਣ ਤਾਂ ਉਹ ਖੁਸ਼ ਰਹਿਣਾ ਜਿਵੇਂ ਸੁਪਨਾ ਹੋ ਗਿਆ ਹੈ। ਮੈਂ ਚਾਰ ਵਜੇ ਘਰ ਪਹੁੰਚਦੀ ਹਾਂ। ਮੇਰੇ ਸੱਸ ਜੀ ਗੁਟਕਾ ਲੈ ਕੇ ਸੁਖਮਨੀ ਸਾਹਿਬ ਦੇ ਦੋ ਪਾਠ ਕਰਦੇ ਹਨ। ਇਕ ਆਪਣੇ ਲਈ ਇਕ ਸਾਡੇ ਲਈ। ਉਹ ਕਹਿੰਦੇ ਹਨ ਕਿ ਮੈਂ ਪੋਤਰਾ ਚਾਹੁੰਦੀ ਹਾਂ। ਸਾਡੇ ਵਿਆਹ ਨੂੰ ਦੋ ਸਾਲ ਹੋ ਗਏ ਅਜੇ ਤਕ ਕੋਈ ਬੱਚਾ ਨਹੀਂ।

ਮੇਰੇ ਪਤੀ ਸਾਢੇ ਪੰਜ ਵਜੇ ਦੇ ਦਫਤਰ ਤੋਂ ਆਉਂਦੇ ਹਨ। ਮੈਂ ਦੋਹਾਂ ਮਾਂ ਪੁੱਤਰਾਂ ਨੂੰ ਦੁੱਧ ਦੇ ਕੇ ਆਪ ਚਾਹ ਦਾ ਕੱਪ ਲੈ ਕੇ ਰਸੋਈ ਵਿਚ ਚਲੀ ਜਾਂਦੀ ਹਾਂ। ਰਾਤ ਦਾ ਖਾਣਾ ਤਿਆਰ ਕਰਨ ਲੱਗ ਪੈਂਦੀ ਹਾਂ। ਮਾਤਾ ਜੀ 9-10 ਵਜੇ ਸੌਂ ਜਾਂਦੇ ਹਨ ਕਿਉਂਕਿ ਉਹਨਾਂ ਨੇ ਸਵੇਰੇ ਅੰਮ੍ਰਿਤ ਵੇਲੇ ਉੱਠਣਾ ਹੁੰਦਾ ਹੈ।

ਮੈਨੂੰ ਸਮਝ ਨਹੀਂ ਆ ਰਹੀ ਮੇਰਾ ਇਸ ਗੁਰਮੁੱਖ ਪਰਿਵਾਰ ਵਿਚ ਭਵਿੱਖ ਕੀ ਹੈ? ਮੈਂ ਬਹੁਤ ਵੱਡੀ ਆਰਟਿਸਟ ਬਣਨਾ ਚਾਹੁੰਦੀ ਸੀ। ਸਕੂਲ ਕਾਲਜ ਵਿਚ ਬਹੁਤ ਇਨਾਮ ਜਿੱਤੇ ਹਨ।ਹੁਣ ਜਦੋਂ ਮੈਂ ਆਪਣੇ ਪੇਕੇ ਘਰ ਜਾਂਦੀ ਹਾਂ ਤਾਂ ਮਾਤਾ ਪਿਤਾ ਕਹਿੰਦੇ ਹਨ ਕਿ ਤੂੰ ਖੁਸ਼ ਨਹੀਂ ਦਿਸਦੀ। ਮੈਂ ਕੀ ਹਾਂ?

ਤੁਹਾਡਾ ਮੈਗਜ਼ੀਨ ਸਾਡੇ ਸਕੂਲ ਵਿਚ ਆਉਂਦਾ ਹੈ। ਉਥੇ ਤੁਹਾਡਾ ਐਡੀਟੋਰੀਅਲ ਪੜ੍ਹਿਆ। ਮੈਂ ਸੋਚਿਆ ਕਿ ਮੈਂ ਵੀ ਆਪਣਾ ਦੁੱਖੜਾ ਗੁਰ ਰੂਪ ਸਾਧ ਸੰਗਤ ਵਿਚ ਰੱਖਾਂ। ਕੀ ਮੇਰੇ ਪਤੀ ਅਤੇ ਸੱਸ ਵਾਕਿਆ ਹੀ ਗੁਰਮੁਖ ਹਨ। ਜੇ ਉਹ ਗੁਰਮੁਖ ਹਨ ਤਾਂ ਮੈਂ ਨੂੰ ਪਾਠ ਕਰਨ ਦਾ ਸਮਾਂ ਨਹੀਂ ਮਿਲਦਾ-ਮਨਮੁੱਖ ਹੋਈ। ਕੀ ਸਿੱਖ ਧਰਮ ਵਿਚ ਮੇਰੇ ਵਰਗੀਆਂ ਉੱਚੇ ਸੁਪਨੇ ਲੈਣ ਵਾਲੀਆਂ ਕੁੜੀਆਂ ਲਈ ਕੋਈ ਥਾਂ ਨਹੀਂ।

ਗੁਰ ਰੂਪੀ ਸਾਧ ਸੰਗਤ ਮੇਰੀ ਭੁੱਲ ਚੁੱਕ ਨੂੰ ਖਿਮਾ ਕਰਨਾ ਮੈਨੂੰ ਕੋਈ ਰਾਹ ਦੱਸਣ ਦੀ ਕ੍ਰਿਪਾ ਕਰੋ ਜੀ।

(ਇਕ ਪੁਰਾਣਾ ਪੱਤਰ) ਇਕ ਵਿਚਾਰੀ

# ਕਰਉ ਬੇਨੰਤੀਆ

## ਚਉਥੈ ਪਹਰਿ ਸੁਬਾਹ ਕੈ

ਪਿਛਲੇ ਦਿਨੀਂ ਆਪਣੇ ਪਰਮ ਮਿੱਤਰ ਡਾ. ਕਰਨੈਲ ਸਿੰਘ ਸੋਮਲ ਨੂੰ ਕਿਸੇ ਮੁਸ਼ਕਲ ਦਾ ਹੱਲ ਪੁੱਛਣ ਲਈ ਫੋਨ ਕੀਤਾ। ਹੁਣ ਤਕ ਵੀ ਉਹ ਕਿਸੇ ਮੁਸ਼ਕਲ ਨੂੰ ਹੱਲ ਕਰਨ ਲਈ ਯਾਦ ਆ ਜਾਂਦੇ ਹਨ। ਮੈਂ ਉਹਨਾਂ ਨੂੰ ਫੋਨ ਕੀਤਾ ਤੇ ਉਹਨਾਂ ਕਿਹਾ, ਉਹ ਬਿਸਤਰੇ ਵਿਚ ਹਨ। ਸੌ ਚੁੱਕੇ ਹਨ। ਉਸ ਵੇਲੇ ਰਾਤ ਦੇ ਨੌਂ ਹੀ ਵੱਜੇ ਸਨ। ਡਾ. ਸੋਮਲ ਕਲਜੁਗ ਵਿਚ ਸਤਜੁਗੀ ਜੀਵ ਵਾਂਗ ਵਿਚਰ ਰਹੇ ਹਨ। ਉਹ ਅਜੇ ਵੀ ਸਵੇਰੇ ਤਿੰਨ ਵਜੇ ਉੱਠ ਕੇ ਸੈਰ ਕਰਦੇ ਹਨ। ਉਹਨਾਂ ਅਨੁਸਾਰ ਦਿਨ ਚੜ੍ਹੇ ਤਾਂ 'ਅੰਮ੍ਰਿਤ ਵੇਲਾ' ਪ੍ਰਦੂਸ਼ਿਤ ਹੋ ਜਾਂਦਾ ਹੈ। ਇਕ ਇਕ ਕਰਕੇ ਗੁਰਬਾਣੀ ਦੀਆਂ ਤੁਕਾਂ ਯਾਦ ਆਉਣ ਲੱਗੀਆਂ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

ਕਈ ਗਿਆਨੀ ਇਸ ਦਾ ਅਰਥ ਇਹ ਕਰਦੇ ਹਨ ਜਦੋਂ ਸੱਚੇ ਨਾਉਂ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ ਉਦੋਂ ਹੀ ਅੰਮ੍ਰਿਤ ਵੇਲਾ ਹੈ। ਪਰ ਕੁਦਰਤੀ ਵਰਤਾਰੇ ਦੀ ਮਹੱਤਤਾ ਨੂੰ ਪਛਾਣਦਿਆਂ ਤਾਂ ਸੂਰਜ ਦੀ ਰੌਸ਼ਨੀ ਫੈਲਣ ਤੋਂ ਪਹਿਲਾਂ ਵਾਲਾ ਸਮਾਂ ਅੰਮ੍ਰਿਤ ਵੇਲਾ ਹੈ;

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥**
**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥**

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥**
**ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥**

**ਚਉਥੈ ਪਹਰਿ ਸੁਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥**

**ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥**
**ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵਾਲਾ ਸਰ ਨ੍ਹਾਵੰਦੇ॥**

ਡਾ. ਸੋਮਲ ਅਸਲ ਵਿਚ ਸਵੇਰ ਦੀ ਸੈਰ ਦਾ ਖ਼ੂਬ ਆਨੰਦ ਮਾਣਦੇ ਹਨ। ਇਹ ਗੱਲ ਉਹਨਾਂ ਦੀਆਂ ਲਿਖਤਾਂ ਤੋਂ ਵੀ ਪਤਾ ਲਗਦੀ ਹੈ। ਉਹਨਾਂ ਦੀਆਂ ਲਿਖਤਾਂ ਤੋਂ ਵੀ ਪਤਾ ਲਗਦੀ ਹੈ। ਉਹ ਰੁੱਖਾਂ ਦੇ ਪਤਿਆਂ ਨੂੰ ਗੱਲ ਬਾਤ ਕਰਦਿਆਂ ਸੁਣਦੇ ਹਨ। ਸਵੇਰੇ ਸਵੇਰੇ ਪੰਛੀਆਂ ਦਾ ਕੀਰਤਨ ਉਹਨਾਂ ਨੂੰ ਅਸਲੀ ਕੀਰਤਨ ਜਾਪਦਾ ਹੈ। ਇੰਝ ਜਾਪਦਾ ਹੈ ਕਿ ਪੰਛੀ ਅਤੇ ਰੁੱਖ ਉਸ ਕਰਤੇ ਦੀਆਂ ਵਡਿਆਈਆਂ ਕਰ ਰਹੇ ਹਨ। ਉਸ ਤੋਂ ਬਾਅਦ ਤਾਂ ਵੱਖ ਵੱਖ ਧਾਰਮਿਕ ਸਥਾਨਾ ਦੇ ਲਾਊਡ ਸਪੀਕਰ ਇਸ ਅਸਲੀ ਕੀਰਤਨ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ।

ਡਾਕਟਰ ਸੋਮਲ ਜਿਹੇ ਸੱਜਣ ਸਤਿਕਾਰ ਦੇ ਪਾਤਰ ਹਨ ਜਿਹੜੇ ਅਜੇ ਸਾਡੇ ਸਭਿਆਚਾਰ ਦੀਆਂ ਇਹਨਾਂ ਨਰੋਈਆਂ ਪਿਰਤਾਂ ਦੇ ਅਰਥ ਸੰਭਾਲਣ ਅਤੇ ਸਮਝਾਉਣ ਵਿਚ ਸਹਾਈ ਹੁੰਦੇ ਹਨ।

ਇਹਨਾਂ ਦੀ ਸਿਹਤਧਾਰੀ ਲਈ ਸ਼ੁਭ ਕਾਮਨਾਵਾਂ

# ਰਬਾਬੀ ਕੀਰਤਨੀਏ ਭਾਈ ਸੱਤਾ ਅਤੇ ਬਲਵੰਡ

## ਡਾ. ਜਸਬੀਰ ਕੌਰ*

ਸਿੱਖ ਧਰਮ ਦੀ ਕੀਰਤਨ ਪਰੰਪਰਾ ਵਿਚ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਦੀ ਜੋੜੀ ਦਾ ਵਿਸ਼ੇਸ਼ ਸਥਾਨ ਹੈ। ਸ੍ਰੀ ਗੁਰੂਨਾਨਕ ਦੇਵ ਜੀ ਨੇ ਸੰਗਤ ਵਿਚ ਕੀਰਤਨ ਦੇ ਪ੍ਰਚਾਰ ਲਈ ਮਰਦਾਨੇ ਨੂੰ ਹਮੇਸ਼ਾ ਆਪਣੇ ਆਪ ਨਾਲ ਰੱਖਿਆ। ਗੁਰੂ ਸਾਹਿਬ ਬਾਣੀ ਉਚਾਰਦੇ ਰਹੇ, ਮਰਦਾਨਾ ਰਬਾਬ ਵਜਾਉਂਦਾ ਤੇ ਉਸ ਬਾਣੀ ਦਾ ਕੀਰਤਨ ਕਰਦਾ ਰਿਹਾ। ਭਾਈ ਮਰਦਾਨੇ ਦੇ ਪ੍ਰਲੋਕ ਸਿਧਾਰਨ ਪਿਛੋਂ ਉਹਨਾਂ ਦੇ ਪੁੱਤਰ ਸਾਹਿਜ਼ਾਦਾ ਗੁਰੂਦਰਬਾਰ ਵਿਚ ਕੀਰਤਨ ਕਰਦੇ ਰਹੇ। ਇਹਨਾਂ ਤੋਂ ਬਾਅਦ ਭਾਈ ਬਲਵੰਡ ਅਤੇ ਭਾਈ ਸੱਤਾ ਲੰਬਾ ਸਮਾਂ ਗੁਰੂ ਦਰਬਾਰ ਵਿਚ ਰਬਾਬੀ ਨਾਲ ਕੀਰਤਨ ਕਰਕੇ ਵਿਸ਼ਵ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਕੀਤੀ।

ਭਾਈ ਬਲਵੰਡ ਅਤੇ ਭਾਈ ਸੱਤਾ ਜੀ ਮਹਿਮਾ ਪ੍ਰਕਾਸ਼ (ਰਚਨਾ ਸਰੂਪ ਦਾਸ ਭੱਲਾ, ਪੰਨਾ 164) ਦੇ ਅਨੁਸਾਰ ਜੀਂਦ ਰਿਆਸਤ ਦੇ ਪਿੰਡ ਜੱਟਪੁਰ ਲੰਮਾ ਦੇ ਰਹਿਣ ਵਾਲੇ ਸਨ ਅਤੇ ਮੋਖੜ ਜਾਤ ਦੇ ਮਿਰਾਸੀ ਸਨ। ਇਹ ਭਾਈ ਕੀਰਤਨੀਕਾਰ ਰਬਾਬੀ ਘਰਾਣੇ ਨਾਲ ਸੰਬੰਧ ਰੱਖਣ ਵਾਲੇ ਪ੍ਰਸਿੱਧ ਕੀਰਤਨੀਏ ਸਨ ਅਤੇ ਇਹਨਾਂ ਨੂੰ ਗੁਰੂ ਅੰਗਦ ਦੇਵ ਦੇ ਜੀ ਨੇ ਭਾਈ ਬਲਵੰਡ ਜੀ ਨੂੰ ਗੁਰੂ ਘਰ ਦਾ ਕੀਰਤਨੀਆ ਨਿਯੁਕਤ ਕੀਤਾ। ਜਦੋਂ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬੈਠੇ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਬਲਵੰਡ ਨੂੰ ਕੀਰਤਨ ਕਰਨ ਲਈ ਗੁਰੂ ਅੰਗਦ ਦੇਵ ਜੀ ਨਾਲ ਖਡੂਰ ਸਾਹਿਬ ਭੇਜਿਆ "ਬਲਵੰਡ ਰਾਗੀ ਤੁਮ ਸੰਗਿ ਜਾਵੇ, ਸਮੇ ਸਮੇ ਹਰਿ ਕੀਰਤਨ ਗਾਵੇ।" ਭਾਈ ਵੀਰ ਸਿੰਘ ਜੀ ਅਨੁਸਾਰ, ਭਾਈ ਬਲਵੰਡ ਤੇ ਭਾਈ ਸੱਤਾ ਜੀ ਨੂੰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ ਦਰਬਾਰ ਵਿਚ ਕੀਰਤਨ ਕਰਨ ਦੀ ਸੇਵਾ ਦਾ ਮਾਣ ਪ੍ਰਾਪਤ ਹੈ। ਗੁਰਬਾਣੀ ਕੀਰਤਨ ਵਿਚ ਇਹ ਦੋਵੇਂ ਭਰਾ ਬੜੇ ਨਿਪੁੰਨ ਸਨ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਭਾਈ ਸੱਤਾ ਨੂੰ ਭਾਈ ਬਲਵੰਡ ਦਾ ਪੁੱਤਰ ਦੱਸਿਆ ਹੈ। ਭਾਈ ਬਲਵੰਡ ਅਤੇ ਭਾਈ ਸੱਤਾ ਨੂੰ ਗੁਰੂਅਰਜਨ ਦੇਵ ਜੀ ਦੇ ਵੇਲੇ ਹਜ਼ੂਰੀ ਕੀਰਤਨੀਏ ਲਿਖਿਆ ਹੈ ਅਤੇ ਭਾਈ ਸੰਤੋਖ ਸਿੰਘ ਨੇ ਬਲਵੰਡ ਤੇ ਸੱਤਾ ਭਾਈ ਲਿਖੇ ਹਨ, ਯਥਾ - ਹੁਤੋ ਡੂਮ ਬਲਵੰਡ ਮਹਾਨਾ। ਸੱਤਾ ਤਿਸ ਕੋ ਅਨੁਜ ਸੁਜਾਨਾ (ਸੂਰਜ ਗ੍ਰੰਥ ਰਾਸਿ 3 ਅਧਿਆਇ 43) ਮਹਿਮਾ ਪ੍ਰਕਾਸ਼ ਦੇ ਕਰਤਾ ਅਨੁਸਾਰ ਭਾਈ ਮਰਦਾਨੇ ਦੇ ਦੇਹਾਂਤ ਹੋਣ ਪੁਰ ਬਲਵੰਡ ਗੁਰੂਨਾਨਕ ਦੇਵ ਦੇ ਦਰਬਾਰ ਕਰਤਾਰ ਪੁਰ ਕੀਰਤਨ ਕਰਦੇ ਰਹੇ। "ਬਲਵੰਡ ਭਜਨ ਕਰੇ ਪ੍ਰਭ ਭਾਵੈ। ਕੀਰਤਨ ਕਰ ਪਹਰੇਕ ਬਿਤਾਵੈ।" (ਮਹਾਨ ਕੋਸ਼ ਪੰਨਾ 632) ਜਦੋਂ ਗੁਰੂ ਦਰਬਾਰ ਵਿਚੋਂ ਕੀਰਤਨ ਛੱਡ ਭਾਈ ਬਲਵੰਡ ਵਿਦੇਸ਼ ਚਲੇ ਗਏ ਤਾਂ ਭਾਈ ਸੱਤਾ ਗੁਰੂ ਅਰਜਨ ਦੇਵ ਜੀ ਪਾਸ ਰਬਾਬ ਨਾਲ ਕੀਰਤਨ ਕਰਦੇ ਰਹੇ, "ਸੱਤਾ ਸਤਿਗੁਰ ਪਾਸ ਰਹਯੋ ਹੈ। ਕਰਹਿ ਕੀਰਤਨ ਅਨੰਦ ਲਹਯੋ ਹੈ। ਪਰ ਭਾਈ ਵੀਰ ਸਿੰਘ ਨੇ ਭਾਈ ਬਲਵੰਡ ਤੇ ਭਾਈ ਸੱਤਾ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰੀ ਕੀਰਤਨੀਏ ਦੱਸਿਆ ਹੈ। ਗੁਰੂਅੰਗਦ ਮਹਿਮਾ ਵਿਚ ਭਾਈ ਸੱਤਾ ਤੇ ਬਲਵੰਡ ਜਦੋਂ ਖਡੂਰ ਸਾਹਿਬ ਕੀਰਤਨ ਕਰਦੇ ਸਨ ਤਾਂ ਉਹ ਇਕ ਦਿਨ ਗੁਰੂ ਕੇ ਹਜੂਰ ਆਕੇ ਮਾਇਆ ਦੇ ਸੰਬੰਧ ਵਿਚ ਮੰਗ ਕੀਤੀ ਇਸ ਬਾਰੇ ਲਿਖਿਆ ਹੈ :

ਪੁਨ ਆਏ ਅੰਗਦ ਮਧਿ ਖਡੂਰ। ਸੰਗਤ ਚਲਿ ਆਵੈ ਦੂਰੋ ਦੂਰ  
ਤਬ ਰਲਿ ਡੂਮਾਂ ਬਾਦਿ ਉਧਾਇਆ। ਅਸੀ ਲਗੇ ਗਾਵਨ ਤਦੇ ਲੋਕ ਆਇਆ  
ਗੋਲਕ ਅਧੀ ਅਸਾਨੂੰ ਦੇਵਹੁ ਵੰਡ। ਮਿਲ ਡੂਮਾਂ ਮਿਲ ਪਾਈ ਡੰਡ  
ਸਿਖ ਲਗੇ ਆਖਨ ਜੀ ਦੇਉ ਅਧ। ਰਾਜ ਹੈ ਤੁਰਕ ਦਾ ਏਹੁ ਰਹਿਦੇ ਹਨ ਮਧਿ।।

ਸਾਹਿਬ ਲੈ ਜੁਬਾਬ ਉਪਰ ਜਾਇ ਅੰਦਰ ਵੜੇ। ਹਾਥ ਜੋੜ ਗੋਲਕ ਬਿਨਤੀ ਕੀਨੀ ਹੋਇ ਖੜੇ
ਹੇ ਬਾਬਾ ਨਾਨਕ ਅਜੁ ਲੈਦੇ ਨੀ ਡੂਮ ਅਧ ਵਡਾਇ। ਫੇਰ ਕਹਿਣਗੇ ਅਧੀ ਸੰਗਤ ਅਸਾਡੀ ਪੈਰੀ ਲਾਇ।।

ਭਾਈ ਵੀਰ ਸਿੰਘ ਅਨੁਸਾਰ, "ਸੱਤਾ ਤੇ ਬਲਵੰਡ ਗੁਰੂ ਕੇ ਹਜੂਰ ਕੀਰਤਨ ਕਰਦੇ ਸਨ ਤੇ ਪਹਿਲੀ ਘਟਨਾ ਗੁਰੂ ਅੰਗਦ ਦੇਵ ਜੀ ਦੇ ਵੇਲੇ ਵਾਪਰੀ ਲਿਖੀ ਹੈ, ਜਦੋਂ ਭਾਈ ਬਲਵੰਡ ਗੁਰੂ ਸਾਹਿਬ ਦੇ ਹਜ਼ੂਰ ਹੀ ਕੀਰਤਨ ਕਰਦੇ ਸਨ। ਇਕ ਦਿਨ ਭਾਈ ਬੁੱਢਾ ਜੀ ਕਿਸੇ ਰੰਗ ਵਿਚ ਬੈਠੇ ਸਨ, ਦਿਲ ਦ੍ਰਵ ਰਿਹਾ ਸੀ। ਕਿਸੇ ਪ੍ਰੇਮ ਭਾਵ ਵਿਚ ਨੈਣ ਸੇਜਲ ਹੋ ਰਹੇ ਸਨ ਕਿ ਅਚਾਨਕ ਭਾਈ ਬਲਵੰਡ ਜੀ ਆ ਗਏ। ਭਾਈ ਬੁੱਢਾ ਜੀ ਨੇ ਕਿਹਾ ਬਲਵੰਡ ਬਾਬੇ ਦੇ ਪਿਆਰੇ ! ਬਾਬੇ ਦਾ ਕੋਈ ਸ਼ਬਦ ਸੁਣਾਉ ! ਭਾਈ ਬਲਵੰਡ ਨੇ ਜਵਾਬ ਦਿੱਤਾ, ਸ਼ਬਦ ਦਾ ਵੇਲਾ ਨਹੀਂ ਚੌਂਕੀ ਲੱਗੀ ਵੇਲੇ ਆ ਕੇ ਸੁਣ ਲੈਣਾ ਮੈਂ ਹਰ ਇਕ ਅੱਗੇ ਨਹੀਂ ਗਾ ਸਕਦਾ। ਜਦੋਂ ਸ਼ਾਮ ਹੋਈ, ਭਾਈ ਬਲਵੰਡ ਜੀ ਰਬਾਬ ਲੈ ਕੇ ਗੁਰੂਦੇ ਹਜ਼ੂਰ ਆਏ ਤਾਂ ਸਾਹਿਬਾਂ ਨੇ ਸਬਦ ਸੁਣਨ ਤੋਂ ਨਾਂਹ ਕਰ ਦਿੱਤੀ। ਭਾਈ ਬਲਵੰਡ ਜੀ ਨੇ ਕਾਰਨ ਪੁੱਛਿਆ ਤਾਂ ਗੁਰੂਸਾਹਿਬ ਨੇ ਕਿਹਾ ਕਿ ਹੁਣ ਸੁਣਨ ਦਾ ਵਕਤ ਨਹੀਂ। ਜਦੋਂ ਮੇਰਾ ਸੁਣਨ ਦਾ ਸਮਾਂ ਸੀ, ਤੈਨੂੰ ਸੁਣਾਉਣ ਦਾ ਵਕਤ ਨਹੀਂ ਸੀ। ਰਬਾਬੀ ਨੇ ਕਿਹਾ, ਆਪ ਦੇ ਕਹੇ ਤੇ ਮੈਂ ਕਦੇ ਜਵਾਬ ਨਹੀਂ ਦਿੱਤਾ। ਭਾਈ ਬਲਵੰਡ ਜੀ ਸਮਝ ਗਏ ਕਿ ਗੁਰੂਸਾਹਿਬ ਜਾਣੀ ਜਾਣ ਹਨ। ਭਾਈ ਬੁੱਢਾ ਜੀ ਨੂੰ ਨਾਂਹ ਕੀਤੀ ਸੀ, ਉਸ ਗੱਲ ਨੂੰ ਗੁਰੂਜੀ ਨੇ ਜਾਣ ਲਿਆ ਹੈ। ਭਾਈ ਬਲਵੰਡ ਨੇ ਗੁਰੂਸਾਹਿਬ ਨੂੰ ਜਵਾਬ ਦਿੱਤਾ ਕਿ ਮੈਂ ਤੁਹਾਡੇ ਅੱਗੇ ਤਾਂ ਗਾਵਾਂ ਹਰ ਜੱਟ-ਬੂਟ ਅੱਗੇ ਵੀ ਗਾਉਂਦਾ ਫਿਰਾਂ। ਇਸ ਤਰ੍ਹਾਂ ਨਹੀਂ ਹੋ ਸਕਦਾ ਜਿਕਰ ਹੈ :

ਹਉ ਜਾਟ ਬੂਟ ਆਗੇ ਨਹੀ ਗਾਉ।[1]

ਸੋ ਗੁਰੂ ਬਾਬੇ ਦੀ ਬਾਣੀ ਹੈ, ਤੁਹਾਡੇ ਅੱਗੇ ਗਾਂਵਦਾ ਹੋਰ ਕਿਸੇ ਅੱਗੇ ਨਹੀਂ ਗਾਂਵਦਾ।

ਗੁਰੂ ਸਾਹਿਬ ਸੁਣ ਕੇ ਹੈਰਾਨ ਹੋ ਗਏ। ਭਾਈ ਬਲਵੰਡ ਗੁਰੂ ਸਾਹਿਬ ਨੂੰ ਇਨ੍ਹਾਂ ਕਹਿ ਕੇ ਚਲੇ ਗਏ, ਨਾ ਤਾਂ ਨਾ ਸਹੀ। ਸਾਡੇ ਪਾਸ ਗੁਰੂਬਾਬੇ ਦੀ ਬਾਣੀ ਹੈ, ਹੋਰ ਦੁਆਰਾ ਮੰਗ ਖਾਵਾਂਗੇ। ਗੁਣ ਹੈ ਸਾਡੇ ਪਾਸ ਗੁਣੀ ਨੂੰ ਕਾਹਦੀ ਘਾਟ। ਉਨ੍ਹਾਂ ਦੇ ਜਾਣ ਤੋਂ ਬਾਅਦ ਗੁਰੂ ਸਾਹਿਬ ਉਹਨਾਂ ਦਾ ਹੰਕਾਰ ਦੇਖ ਕੇ ਨੇ ਕਿਸੇ ਮੀਰਜ਼ਾਦੇ ਨੂੰ ਕੀਰਤਨ ਦਾ ਵਰਦਾਨ ਦੇ ਕੇ ਕੀਰਤਨ ਕਰਨ ਲਈ ਗੁਰੂਦਰਬਾਰ ਵਿਚ ਰੱਖ ਲਿਆ। ਕੁਝ ਦਿਨ ਬੀਤ ਗਏ ਗੁਣ ਤੇ ਗੁਣੀ ਨੂੰ ਕਿਸੇ ਨਾ ਪੁੱਛਿਆ ਕੀਰਤਨ ਕਰਨ, ਸੁਣੇ ਕੋਈ ਨਾ, ਕਹਿਣ ਜਿਸ ਨੂੰ ਗੁਰੂ ਨੇ ਨਹੀਂ ਸੁਣਿਆ ਅਸਾਂ ਕਿਉਂ ਸੁਣੀਏ। ਫਿਰ ਹੋਸ਼ ਪਰਤੀ ਤੇ ਗੁਰੂ ਜੀ ਦੀ ਕਦਰ ਆਈ ਤੇ ਆ ਕੇ ਸਿੱਖਾਂ ਪਾਸ ਬੇਨਤੀ ਕੀਤੀ ਸਾਥੋਂ ਭੁੱਲ ਹੋ ਗਈ ਬਖਸਾਉ। ਸੰਗਤ ਨੇ ਗੁਰੂਪਾਸ ਬੇਨਤੀ ਕਰਕੇ ਭਾਈ ਬਲਵੰਡ ਦੀ ਭੁੱਲ ਬਖਸ਼ਾਈ ਪਰ ਉਹਨਾਂ ਦਾ ਹੰਕਾਰ ਪੂਰੀ ਤਰ੍ਹਾਂ ਖ਼ਤਮ ਨਹੀਂ ਸੀ ਹੋਇਆ। ਉਹਨਾਂ ਨੇ ਆਪਣੇ ਮਨ ਵਿਚ ਧਾਰ ਲਿਆ ਸੀ ਕਿ ਉਹ ਗੁਰੂ ਦਰਬਾਰ ਵਿਚ ਤਾਂ ਕੀਰਤਨ ਕਰਨਗੇ ਜੇ ਵੱਧ ਭੇਟਾ ਮਿਲੇਗੀ ਪਰੰਤੂ ਪ੍ਰੋ. ਸਾਹਿਬ ਸਿੰਘ ਇਸ ਵੀਚਾਰ ਨਾਲ ਸਹਿਮਤ ਨਹੀਂ। ਉਨ੍ਹਾਂ ਦੇ ਵਿਚਾਰ ਅਨੁਸਾਰ, ਇਹ ਦੋਵੇਂ ਗੁਰੂ ਅਰਜਨ ਸਾਹਿਬ ਪਾਸ ਕੀਰਤਨ ਕਰਦੇ ਸਲ ਅਤੇ ਇਹ ਘਟਨਾ ਮਾਰਚ ਅਪਰੈਲ 1582 ਦੀ ਹੈ।[2] ਮੈਕਾਲਿਫ਼ ਦੇ ਕਥਨ ਅਨੁਸਾਰ, "The statement that the circumstance occured in the time of Guru Arjan is totally negavated by the interanl evidence of the composition itself. If it be carefully examined."

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਭਾਈ ਸੱਤਾ ਅਤੇ ਬਲਵੰਡ ਗੁਰੂਅਰਜਨ ਦੇਵ ਜੀ ਦੇ ਦਰਬਾਰੀ ਕੀਰਤਨੀਏ ਸਨ, ਜਿਨ੍ਹਾਂ ਨੂੰ ਗੁਰੂਸਾਹਿਬ ਦੇ ਵਕਤ ਅੰਮ੍ਰਿਤਸਰ ਖਡੂਰ ਸਾਹਿਬ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੋਇਆ।

ਭਾਈ ਸੱਤਾ ਤੇ ਬਲਵੰਡ ਦੋਵੇਂ ਰਾਗ ਵਿਦਿਆ ਵਿਚ ਪ੍ਰਚੰਡ ਵਿਦਵਾਨ ਸਨ ਕਿਉਂਕਿ ਇਨ੍ਹਾਂ ਦਾ ਪਿਛੋਕੜ ਮਿਰਾਸੀ ਖ਼ਾਨਦਾਨ ਨਾਲ ਜੁੜਦਾ ਹੈ ਜੋ ਤਾਰਾਂ ਵਾਲੇ ਸਾਰੇ ਸਾਜ਼ ਵਜਾਉਣ ਵਿਚ ਮਾਹਿਰ ਸਨ। ਭਾਈ ਸੱਤੇ ਤੇ ਬਲਵੰਡ ਦੀ ਸੁਰੀਲੀ ਆਵਾਜ਼ ਤੇ ਰਾਗਦਾਰੀ ਦੀ ਪਕੇਰੀ ਸੂਝ ਕਾਰਨ ਗੁਰੂ ਅਰਜਨ ਪਾਤਸ਼ਾਹ ਨੇ ਇਨ੍ਹਾਂ ਨੂੰ ਦਰਬਾਰ ਵਿਚ ਕੀਰਤਨ ਕਰਨ ਲਈ ਨਿਯੁਕਤ ਕੀਤਾ। ਭਾਈ ਸੰਤੋਖ ਸਿੰਘ ਲਿਖਦੇ ਹਨ:

ਰਹੁ ਹਮ ਨਿਕਟ ਕੀਰਤਨ ਕਰੋ, ਅਨੁਜ ਸਹਤ ਰਾਮਨ ਸੁਰ ਭਰੋ
ਚਲਹਿ ਇਹਾ ਗੁਜਰਾਨ ਤੁਮਾਰੀ, ਲਹਹੁ ਪਦਾਰਥ ਹੋਇ ਅਨੁਸਾਰੀ। (ਗੁਰੂਪ੍ਰਤਾਪਸੂਰਯ ਗ੍ਰੰਥ ਅਧਿਆਇ 43)

ਸੋ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਸਾਡੇ ਪਾਸ ਰਹੋ ਗੁਰਬਾਣੀ ਤੇ ਕੀਰਤਨ ਦੀ ਵਿਦਿਆ ਪ੍ਰਾਪਤ ਕਰੋ। ਗੁਰੂ ਨਾਲ ਜੁੜੋ ਤੇ ਸੰਗਤਾਂ ਨੂੰ ਕੀਰਤਨ ਸੁਣਾ ਕੇ ਬਾਣੀ ਦਾ ਪ੍ਰਚਾਰ ਕਰੋ। ਸੋ ਦੋਵੇਂ ਭਰਾਵਾਂ ਨੇ ਗੁਰੂਦੇ ਹਜ਼ੂਰ ਬੈਠ ਕੇ ਕੀਰਤਨ ਦੀ ਵਿਦਿਆ ਪ੍ਰਾਪਤ ਕੀਤੀ।

ਰਾਗ ਰਾਗਨੀ ਕਰਿ ਅਨੁਰਾਗੇ। ਗਾਵਹਿ ਸੁੰਦਰ ਸਭਿ ਸ਼ੁਭ ਲਾਗੇ॥
ਸਿਖ ਸਰਾਹਨ ਕਰਹਿ ਸੁਨਤੇ। ਭਯੋ ਭਯੋਂ ਸੋ ਅਹੰਕਾਰ ਕਰੰਤ॥

ਭਾਈ ਸੱਤਾ ਤੇ ਬਲਵੰਡ ਜਿਉਂ ਜਿਉਂ ਗੁਰੂ ਘਰ ਵਿਚ ਉਹਨਾਂ ਦੇ ਕੀਰਤਨ ਦੀ ਪ੍ਰਸਿੱਧੀ ਹੋਣ ਲੱਗੀ ਤਿਵੇਂ ਤਿਵੇਂ ਉਹ ਹੰਕਾਰੀ ਹੁੰਦੇ ਗਏ। ਗੁਰੂਸਾਹਿਬ ਵੀ ਉਹਨਾਂ ਨੂੰ ਭਾਂਪ ਗਏ ਕਿ ਮਿਰਾਸੀ ਜਾਤ ਵਾਲੇ ਹੋਛੇ ਹਨ ਜੋ ਅਭਿਮਾਨੀ ਹੋ ਗਏ।

ਕ੍ਰਿਪਾ ਸਿੰਧੂ ਤਿਨ ਗਤਿ ਜਾਨੀ। ਹੋਛੇ ਡੂਮ ਜਾਤਿ, ਭਏ ਮਾਨੀ। (ਰਾਸ ਤੀਜੀ ਅਧਿਆਇ 43)

ਇਸ ਤਰ੍ਹਾਂ ਮੈਕਾਲਿਫ਼ ਦੇ ਅਨੁਸਾਰ, ਇਹ ਦੂਸਰੀ ਘਟਨਾ ਵੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹੀ ਵਾਪਰੀ ਪਰੰਤੂਭਾਈ ਕਾਨ੍ਹ ਸਿੰਘ ਨਾਭਾ ਅਤੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੀ ਲਿਖਤ ਅਨੁਸਾਰ ਅਤੇ ਪ੍ਰੋ. ਸਾਹਿਬ ਸਿੰਘ ਦੀ ਨਵੀਨ ਖੋਜ ਦੇ ਅਨੁਸਾਰ ਭਾਈ ਸੱਤਾ ਅਤੇ ਬਲਵੰਡ ਗੁਰੂਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ। ਉਹਨਾਂ ਦੀ ਭੈਣ ਦੀ ਸ਼ਾਦੀ ਸੀ ਅਤੇ ਇਨ੍ਹਾਂ ਦੋਵਾਂ ਭਰਾਵਾਂ ਨੇ ਗੁਰੂਸਾਹਿਬ ਕੋਲੋਂ ਭੈਣ ਦੀ ਸ਼ਾਦੀ ਲਈ ਪੈਸੇ ਮੰਗੇ।

ਚੌਪਈ:

ਰਾਇ ਬਲਵੰਡ ਇਹ ਨਾਮੁ ਉਚਾਰਾ। ਬਹੁਤ ਧਨੁ ਦੀਯੋ ਤਾਹਿ ਮੁਰਾਰਾ।
ਦੋਉ ਭ੍ਰਾਤ ਮਿਲ ਰੁਚਿਸੋ ਗਾਵੈ। ਕਰਿ ਕੀਰਤਨੁ ਬਡ ਸੋਭਾ ਪਾਵੈ।
ਕਿਤਕ ਕਾਲ ਇਹ ਭਾਤਿ ਬਿਤਾਯੋ। ਨਿਕਾਹ ਖ੍ਵਾਹਰੀ ਕਾ ਤਿਹ ਆਯੋ।
ਦੁਹੂੰ ਭ੍ਰਾਤ ਗੁਰ ਕੇ ਢਿਗ ਜਾਈ। ਕ੍ਰਿਪਾ ਸਿੰਧ ਕੀ ਉਪਮ ਕਰਾਈ।
ਪਾਛੇ ਗੁਰ ਕੋ ਭਾਖ ਸੁਨਾਯੋ। ਨਿਕਾਹ ਬਹਿਨ ਕਾ ਪ੍ਰਭ ਜੀ ਆਯੋ।
ਧਾਰਿ ਕ੍ਰਿਪਾ ਗੁਰ ਦਰਬ ਸੁ ਦੱਯੈ। ਦਾਸ ਜਾਨਿ ਹਮ ਕਾਰਜ ਕੱਯੈ।
ਸ੍ਰੀ ਗੁਰ ਕਹਾ ਧੀਰ ਤੁਮ ਧਾਰਾ। ਗੁਰੂਨਾਨਕ ਕਾ ਅਲਖ ਭੰਡਾਰਾ।[4]

ਉਸ ਤੋਂ ਬਾਅਦ ਅਗਲੇ ਦਿਨ ਗੁਰੂ ਸਾਹਿਬ ਨੇ ਦੋਵੇਂ ਰਬਾਬੀਆਂ ਨੂੰ ਕਿਹਾ ਕਿ ਗੁਰੂਸਾਹਿਬ ਤੁਹਾਡੇ ਕਾਰਜ ਪੂਰੇ ਕਰਨ ਹੀ ਸਵੇਰੇ ਅੰਮ੍ਰਿਤ ਵੇਲੇ ਦੀ (ਚੜਤ ਚੜ੍ਹਾਵਾ) ਸਾਰੀ ਭੇਟਾ ਤੁਸੀਂ ਲੈ ਲੈਣੀ। ਜਿਸ ਬਾਰੇ ਗੁਰਬਿਲਾਸ ਪਾਤਸ਼ਾਹੀ 6ਵੀਂ ਵਿਚ ਜ਼ਿਕਰ ਹੈ:

ਪ੍ਰਾਤਕਾਲ ਪੂਜਾ ਚੜੇ ਸਭ ਦੀ ਦਰਬ ਤੁਮਾਰਾ। ਗੁਰੂ ਅਰਜਨ ਜੀ ਅਸ ਕਹਯੋ ਕਾਰਜ ਗੁਰੂਸਵਾਰਾ।
ਦੁਹੂਅਨ ਮਨਿ ਧੀਰਜ ਕਯੋ ਗੁਰ ਕੇ ਬੈਨ ਸੁਨਾਇ। ਗੁਰ ਜਸੁ ਭਾਖਤ ਤ੍ਰਿਹਿ ਗਏ ਕੀਨ ਆਰੰਭ ਸੁ ਜਾਇ।[5]

ਅਗਲੇ ਦਿਨ ਸਵੇਰੇ ਪ੍ਰਿਥਵੀ ਚੰਦ ਜੋ ਗੁਰੂਘਰ ਦਾ ਵਿਰੋਧੀ ਸੀ, ਉਸ ਨੇ ਸਾਰਾ ਚੜ੍ਹਾਵਾ ਸੰਗਤ ਕੋਲੋਂ ਰਸਤੇ ਵਿਚ ਲੈ ਲਿਆ ਅਤੇ ਚੜ੍ਹਾਵਾ ਗੁਰਦੁਆਰੇ ਸਾਹਿਬ ਨਾ ਪਹੁੰਚਿਆ ਜਿਸ ਕਾਰਨ ਭਾਈ ਸੱਤਾ ਅਤੇ ਬਲਵੰਡ ਜੀ ਦੀ ਲੋੜ ਪੂਰੀ ਨਾ ਹੋਈ ਕਿਉਂਕਿ ਚੜ੍ਹਾਵਾ ਬਹੁਤ ਘੱਟ ਸੀ। ਉਹ ਇਸ ਘਟਨਾ ਤੋਂ ਨਰਾਜ ਸਨ ਜਿਸ ਬਾਰੇ ਜਿਕਰ ਹੈ :

ਹੋਤ ਪਰਾਤ ਭਯੋ ਜਬ ਹੀ, ਤਬ ਸ੍ਰੀ ਗੁਰੂ ਦਰਬਾਰ ਕੋ ਸਿਖ ਆਏ। ਸਤ ਏਕ ਰੁਪਯਾ ਸੁ ਭੇਟ ਧਰੀ, ਸਭ ਹੀ ਸਿੱਖ ਸੰਗਤ ਹੈ ਇਕਠਾਏ।
ਦਯਾ ਸਿਧੁਬਦਾਇ ਤਬੈ ਦੁਹੂੰ ਭ੍ਰਾਤਨ ਦੀਨ ਸੋਉ ਤਿਨਲੈ ਦੁਖੁ ਪਾਏ। ਸ੍ਰੀ ਗੁਰ ਅਗ੍ਰ ਵਸਾਇ ਦੀਏ, ਹਮ ਲੇਵਤ ਨਹਿ ਤੁਮ ਹਾਸ ਕਰਾਏ।
ਕ੍ਰਿਪਾ ਸਿਧਿ ਧੀਰਜ ਫੇਰਿ ਦੀਯੋ, ਮੁਖਿ ਏਹ ਕਰਯੋ ਤੁਮ ਲੇਹੁ ਪਯਾਰੇ। ਇਛਾ ਤੁਮੇ ਗੁਰ ਪੂਰ ਕਰੈ, ਅਤਿ ਨ੍ਰਿਮਤਿ ਹੈ ਗੁਰ ਬੈਨ ਉਚਾਰੇ।
ਰੁਪਯਾ ਸਤ ਲੈ ਸੋਉ ਧਾਮ ਗਏ ਨਿੰਦ ਕਰਿ ਮਨਿ ਐਸ ਵਿਚਾਰੇ। ਜਾਵੇ ਨਾਹਿ ਗੁਰੂ ਢਿਗੁ ਆਜ ਤੇ ਕਾਰਜ ਨਾਹਿ ਕੋਉ ਗੁਰ ਸਾਰੇ।[6]

ਅਗਲੇ ਦਿਨ ਭਾਈ ਸੱਤਾ ਅਤੇ ਭਾਈ ਬਲਵੰਡ ਗੁਰ ਦੇ ਹਜ਼ੂਰ ਕੀਰਤਨ ਕਰਨ ਨਹੀਂ ਆਏ। ਗੁਰੂ ਸਾਹਿਬ ਨੇ ਕੁਝ ਸਿੱਖਾਂ ਨੂੰ ਭਾਈ ਬਲਵੰਡ ਅਤੇ ਸੱਤੇ ਦੇ ਘਰ ਉਹਨਾਂ ਨੂੰ ਮਨਾਉਣ ਭੇਜਿਆ ਤੇ ਕਿਹਾ ਕਿ ਕਹੋ ਗੁਰੂਸਾਹਿਬ ਤੁਹਾਨੂੰ ਯਾਦ ਕਰਦੇ ਹਨ ਆ ਕੇ ਕੀਰਤਨ ਦੀ ਹਾਜ਼ਰੀ ਲਵਾਉ :

ਸ੍ਰੀ ਗੁਰ ਕੇ ਢਿਗ ਨਹਿ ਗਏ ਅਗਲੇ ਦਿਵਸ ਵਿਚਾਰ। ਗੁਰ ਅਰਜਨ ਤਬ ਸਿਖ ਪਠੇ ਲਯਾਵੋ ਤਾਹਿ ਸੁਧਾਰ।
ਗੁਰ ਆਗਯਾ ਸਿਖਨ ਕਹੀ ਚਲੋ ਦੇਰਿ ਕੈ ਤਯਾਰਿ। ਯਾਦ ਕੀਯੋ ਤੇ ਕੋ ਗੁਰ ਅਬ ਤੁਮ ਹੋ ਵਡਭਾਗ॥[7]

ਪਰ ਭਾਈ ਸੱਤਾ ਤੇ ਬਲਵੰਡ ਗੁਰੂਘਰ ਵਿਚ ਸਿੱਖ ਸੰਗਤਾਂ ਦੇ ਮਨਾਉਣ ਤੇ ਵੀ ਨਾ ਆਏ ਤੇ ਗੁਰੂ ਸਾਹਿਬ ਵਾਸਤੇ ਉਲਟਾ ਗ਼ਲਤ ਬਚਨ ਵੀ ਬੋਲੇ:

ਰਾਇ ਬਲਵੰਡ ਸਤੇ ਤਬ ਕਹਾ। ਗੁਰ ਢਿਡ ਜਾਇ ਸੁ ਕਿਆ ਹਮ ਲਹਾ।

ਲਾਇ ਦੀਵਾਨ ਕੀਰਤਨ ਹਮ ਕਰੈ। ਗੁਰੂਗੁਰੂਤਾ ਕੋ ਜਹਾਂ ਰਹੈ।
ਹਮ ਬਿਨ ਪੂਜਾ ਕਰੈ ਨਾ ਕੋਈ। ਤਾ ਹੇ ਨਹਿ ਜਾਣਨ ਹਮ ਹੋਈ।
ਨਾਹਿ ਨਾਹਿ ਸੁਨਿ ਸਿਖ ਹਟਾਯੋ। ਸਭੁ ਬ੍ਰਿਤਤ ਆਇ ਗੁਰਹਿ ਸੁਨਾਯੋ।[8]

ਇਸ ਤਰ੍ਹਾਂ ਗੁਰੂਕੇ ਸਿੱਖਾਂ ਨੇ ਗੁਰੂਸਾਹਿਬ ਨੂੰ ਆ ਕੇ ਕਿਹਾ ਕਿ ਹਜ਼ਾਰਾਂ ਯਤਨ ਕਰਨ ਤੇ ਵੀ ਉਹ ਕੀਰਤਨੀਏ ਨਹੀਂ ਮੰਨੇ ਤਾਂ ਗੁਰੂਸਾਹਿਬ ਕੀਰਤਨ ਅਤੇ ਕੀਰਤਨੀਏ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਭਾਈ ਸੱਤਾ ਤੇ ਬਲਵੰਡ ਦੇ ਘਰ ਆਪ ਪੈਦਲ ਚੱਲ ਕੇ ਉਹਨਾਂ ਨੂੰ ਗੁਰੂ ਘਰ ਵਿਚ ਕੀਰਤਨ ਕਰਨ ਲਈ ਰਾਜ਼ੀ ਕਰਨ ਗਏ, ਜਿਸ ਬਾਰੇ ਕਵੀ ਸੰਤੋਖ ਸਿੰਘ ਬੜਾ ਸੁੰਦਰ ਲਿਖਦੇ ਹਨ:

ਸਾਦਕ ਆਨ ਹੈ ਤਿਨ ਕੋ ਜਾਈ, ਬਟਰੋ ਦਰਬ ਦੇਹ ਸਮਦਾਈ।
ਕਰਹਿ ਕੀਰਤਨ ਗੁਰ ਜਸ ਗਾਵਹਿ, ਸਿਖ ਸੰਗਤ ਕੇ ਰਿੰਦ ਬਾਵਹਿ।
ਚਾਹੀ ਐ ਰੁਦਰ ਰਬਾਬੀ ਹਮੈ, ਕਰਹਿ ਕੀਰਤਨ ਦੋਨੇ ਸਮੇਂ॥[9]

ਇਸੇ ਤਰ੍ਹਾਂ ਗੁਰਬਿਲਾਸ ਪਾਤਸ਼ਾਹੀ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਆਪ ਚੱਲ ਕੇ ਭਾਈ ਸੱਤੇ ਬਲਵੰਡੇ ਕੀਰਤਨੀਆਂ ਨੂੰ ਮਨਾਉਣ ਗਏ ਹਾਂ:

ਤੈਸੇ ਸ੍ਰੀ ਗੁਰ ਤਹਾ ਸਿਧਾਏ। ਬਲਵੰਡ ਸੱਤੇ ਕੇ ਗ੍ਰਿਹਿ ਗੁਰ ਆਏ। ਆਗੈ ਬੈਠ ਰਹੈ ਧਰਿ ਮਾਨਾ। ਸ੍ਰੀ ਗੁਰ ਕੋ ਨਹਿ ਅਦਰਿ ਠਾਨਾ।
ਬੈਠਿ ਸ੍ਰੀ ਗੁਰ ਬਚਨ ਅਲਾਵੇ। ਕਾਰਨਿ ਕੋਨ ਤੁਮੇ ਰਿਸ ਪਾਏ। ਜਿਤਹੋ ਦਰਬ ਚਹੋ ਅਬ ਲੇਵੋ। ਗੁਰ ਨਾਨਕ ਭੰਡਾਰ ਅਭੇਵੋ।
ਬਲਵੰਡ ਕਹੈ ਹਮ ਕਛੂਨਾ ਦੇਖਾ। ਤੁਮ ਭਾਖਤ ਭੰਡਾਰ ਅਲੇਖਾ।ਸਹਸ੍ਰ ਰੁਯਾ ਲਗੇ ਬਿਹਾਵਾ। ਤੁਮ ਦੀਯੋ ਸੋ ਏਕੁ ਉਮਾਹਾ।
ਤੁਮਰੇ ਪਾਸਿ ਨਹੀਂ ਹਮ ਜਾਵੇ। ਔਰ ਜਗਤ ਹਮ ਮਾਗ ਅਘਾਵੈ।ਸ੍ਰੀ ਗੁਰ ਕਹਾ ਕ੍ਰੋਧ ਨਹਿ ਬਾਰੋ। ਗੁਰੂਨਾਨਕ ਕੇ ਬਚਨ ਚਿਤਾਰੋ।[10]

ਪਰ ਅੱਗੋਂ ਜਦੋਂ ਗੁਰੂਸਾਹਿਬ ਨੂੰ ਭਾਈ ਬਲਵੰਡ ਨੇ ਬਾਕੀ ਗੁਰ ਸਾਹਿਬ ਦੇ ਬਾਰੇ ਤਿੱਖਾ ਬੋਲੇ ਤੇ ਕਿਹਾ ਕਿ ਗੁਰੂਦੀ ਸੋਭਾ ਸਰਦਾਰੀ ਸਾਡੀ ਬਣਾਈ ਹੋਈ ਹੈ। ਇਹ ਗੁਰੂਨਾਨਕ ਦੇਵ ਜੀ ਦੇ ਦਰਬਾਰ ਦੀ ਸੋਭਾ ਵੀ ਸਾਡੇ ਭਰਾ ਮਰਦਾਨੇ ਦੀ ਬਣਾਈ ਹੋਹੀ ਹੈ। ਜੇ ਅਸਾਂ ਨਾ ਹੁੰਦੇ ਤਾਂ ਗੁਰੂਨਾਨਕ ਗੁਰੂ ਕਿਵੇਂ ਬਣਦਾ। ਗੁਰੂ ਬਣਾਉਣਾ ਸਾਡੇ ਵਸ ਹੈ। ਇਸ ਸਬੰਧ ਵਿਚ ਕਵੀ ਸੰਤੋਖ ਜੀ ਗੁਰੂਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ:

ਹਮ ਅਬ ਰਹਿ ਕੇ ਅਪਰ ਢਿਗ ਲੈ ਗੁਰ ਬਣਾਈ।
ਹਮ ਅਧੀਨ ਕਰਿਯੋ ਗੁਰ ਨਹਿ ਤੁਮ ਨੇ ਜਾਨਾ।
ਜਹਾ ਰਾਗ ਹਮ ਕਰਹਿਗੇ ਗੁਰੂਤਿਸੇ ਬਨਾਵਹਿ॥[11]

ਇਸ ਘਟਨਾ ਬਾਰੇ ਗੁਰਬਿਲਾਸ ਪਾਤਸ਼ਾਹੀ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਭਾਈ ਬਲਵੰਡ ਤੇ ਸੱਤੇ ਨੇ ਗੁਰੂ ਸਾਹਿਬ ਨਾਲ ਬੋਲ ਕਬੋਲ ਕੀਤੇ ਜਿਸ ਬਾਰੇ ਜਿਕਰ ਹੈ :

ਅੰਗਦ ਅਮਰ ਭਯੋ ਰਾਮਦਾਸ। ਹਮਰੇ ਕਰਿ ਜਹਾਂ ਮੈ ਪ੍ਰਗਾਮ। ਤੁਮਰੇ ਨਿਕਟਿ ਹਮ ਕੀਰਤਨ ਕਰੇ। ਗੁਰੂਗੁਰੂਤੋ ਕੋ ਜਗੁ ਹਰੈ।
ਗੁਰ ਅਰਜਨ ਨਿਜ ਨਿੰਦ ਸੁਨਾਏ। ਕਹੂਕ੍ਰੋਧ ਚਿਹ ਮਾਝ ਨਾ ਲਯਾਏ।ਗੁਰੂ ਨਾਨਕ ਕੀ ਨਿਦ ਸੁਨਾਈ। ਨਿਜ ਮਨ ਮਹਿਤਬਹੀ ਰਿਸ ਪਾਈ।

ਗੁਰੂ ਸਾਹਿਬ ਬਲਵੰਡ ਰਬਾਬੀ ਦੇ ਘਰੋਂ ਉੱਠੇ ਅਤੇ ਸਿੱਧੇ ਸਿੱਖ ਸੰਗਤਾਂ ਪਾਸ ਆਏ ਤੇ ਕਹਿਣ ਲੱਗੇ, ਫਿਟ ਗਏ ਹਨ, ਹੁਣ ਮਨਾਉਣ ਨਾ ਜਾਇਓ, ਇਨ੍ਹਾਂ ਦੇ ਪਾਸ। ਗੁਰੂਦੀ ਨਿੰਦਾ ਨਾ ਸੁਣੋ, ਨਾ ਸੁਣਾਓ, ਹੁਣ ਗੁਰੂਦੇ ਨਿੰਦਕਾਂ ਦੀ ਸਿਫਾਰਸ਼ਾਂ ਵੀ ਸਾਡੇ ਪਾਸ ਨਾ ਕਰਨੀ ਤੇ ਇਹ ਕਹਿ ਕੇ ਕੀਰਤਨ ਕਰਨ ਲਈ ਗੁਰੂ ਦਰਬਾਰ ਵਿਚ ਭਾਈ ਉਗਰਸੈਨ, ਰਾਮੂ, ਦੀਪਾ, ਨਿਗੋਰੀ ਮਲ, ਭਾਈ ਡੱਲੋ ਜੋ ਗੁਰੂਦਰਬਾਰ ਵਿਚ ਪਹੁੰਚੇ ਸਨ ਤੇ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਸਨ ਤੇ ਤਾਨਪੁਰੇ ਅਤੇ ਛੈਣਿਆਂ ਨਾਲ ਗੁਰ ਕੇ ਦਰਬਾਰ ਕੀਰਤਨ ਲਈ ਆਏ ਤੇ ਗੁਰੂਸਾਹਿਬ ਨੇ ਕੀਰਤਨ ਦੀ ਹਾਜਰੀ ਭਰਨ ਲਈ ਰੱਖ ਲਏ ਅਤੇ ਨਾਲ ਹੀ ਗੁਰੂਦੀਆਂ ਸੰਗਤਾਂ ਨੂੰ ਕੀਰਤਨ ਸਿਖਾਇਆ ਤੇ ਰਾਗਾਂ ਵਿਚ ਬਾਣੀ ਗਾਇਨ ਕਰਨ ਦੀ ਸਿੱਖਿਆ ਦਿੱਤੀ। ਆਪ ਸਾਜ਼ ਵਜਾ ਕੇ ਕੀਰਤਨ ਕਰਨ ਲਈ ਕਿਹਾ:

ਥੜ੍ਹੇ ਬੈਠਿ ਦੀਵਾਨ ਲਗਾਯੋ। ਨਿਜ ਸਿਖਨ ਕੋ ਬਚਨ ਸੁਨਾਯੋ।
ਵਹਿ ਨਹੀ ਆਵੈ ਮਦ ਕੇ ਮਾਤੇ। ਤੁਮ ਹੀ ਪੜੇ ਰਾਗ ਬਿਖਯਾਹੇ।

ਵਿਦਿਆ ਰਾਗ ਸਭੀ ਤੁਮ ਪਾਵੋ। ਤਿਨ ਕਾ ਤੁਮ ਸਭੁ ਮਾਨ ਗਵਾਤੋ॥[12]

ਇਸੇ ਤਰ੍ਹਾਂ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਲਿਖਦੇ ਹਨ, ਜਦੋਂ ਗੁਰੂ ਅਰਜਨ ਦੇਵ ਜੀ ਭਾਈ ਸੱਤੇ ਬਲਵੰਡ ਦੇ ਘਰੋਂ ਬਿਨਾਂ ਉਨ੍ਹਾਂ ਨੂੰ ਨਾਲ ਲਿਆਏ ਵਾਪਸ ਆਏ ਤਾਂ ਸੰਗਤਾਂ ਜਿੱਥੇ ਹੈਰਾਨ ਸਨ ਉਥੇ ਗੁਰੂਸਾਹਿਬ ਨੇ ਕ੍ਰਿਪਾ ਦੇ ਖਜ਼ਾਨੇ ਬਖਸ਼ਿਸ਼ਾਂ ਦੇ ਦਾਤੇ ਨੇ ਝੋਲੀਆਂ ਭਰ ਦਿੱਤੀਆਂ ਅਤੇ ਸਿੱਖ ਸੰਗਤਾਂ ਨੂੰ ਕੀਰਤਨ ਦੀ ਦਾਤ ਨਾਲ ਮਾਲੋ ਮਾਲ ਕਰ ਦਿੱਤਾ ਅਤੇ ਕਿਹਾ ਕਿ ਸਾਰੀ ਸੰਗਤ ਅੱਜ ਤੋਂ ਰਲਮਿਲ ਗੁਰਬਾਣੀ ਦਾ ਕੀਰਤਨ ਗਾਇਨ ਕਰੇਗੀ ਅਤੇ ਆਪ ਗੁਰੂਸਾਹਿਬ ਨੇ ਇਹ ਵਿਦਿਆ ਸਿੱਖ ਸੰਗਤਾਂ ਨੂੰ ਦਰਬਾਰ ਸਾਹਿਬ ਥੜੇ ਤੇ ਬੈਠ ਕੇ ਸਾਜ ਹੱਥ ਵਿਚ ਫੜ ਕੇ ਸਿਖਾਈ:

ਇਸ ਕਹਿ ਸਤਿਗੁਰੂਆਇ ਕਰਿ ਥਲ ਸੁਹਾਏ। ਸਭ ਸੰਗਤ ਇਕੱਠੀ ਭਈ ਦੀਵਾਨ ਲਗਾਏ।
ਸਿਖਨ ਕੋ ਆਇਸ ਕਈ ਤੁਮ ਰਾਗ ਸੁਨਾਵਹੁ। ਗਾਵਹਿ ਸਬਦੁ ਸੁ ਤਾਨ ਜੁਤਿ ਵਿਦਿਆ ਇਹ ਪਾਵੋ।
ਗਹਿਉ ਦੁਤਾਰਾ ਸਿਖ ਦਹਿ ਕਿਨ ਗਹੀ ਰਬਾਬੰ। ਹੋਇ ਨਿਸੰਕ ਗਾਵਨਿ ਲਗੇ ਸਭ ਗਏ ਅਜਾਬ।
ਬਚਨ ਮਾਨਬੇ ਗੁਰੂਕੋ ਬਿੱਦਯਾ ਸਭ ਪਾਈ। ਜਾਨਤ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ।
ਸੁਨ ਸਿਖਨ ਕੇ ਰਾਗ ਕੋ ਗੁਰ ਭਏ ਪ੍ਰਸਨਾ। ਬਰ ਦੀਨੋ ਤੁਮ ਪ੍ਰੇਮ ਜੁਤ ਹਮਰਾ ਬੱਚ ਮੰਨਾ।
ਅਬ ਤੇ ਬਿੱਦਯਾ ਰਾਗ ਕੀ ਸਿੱਖਨਿ ਮੈ ਆਈ। ਗਾਵਹਿ ਸੁਨਹਿ ਸੁ ਪ੍ਰੀਤ ਧਰਿ ਲੈ ਸੁਭ ਗਤਿ ਪਾਈ॥[13]

ਕੀਰਤਨ ਦੀ ਇਹ ਦਾਤ ਸੰਗਤਾਂ ਨੇ ਸਤਿ ਸਤਿ ਕਰਕੇ ਮੰਨੀ ਅਤੇ ਰੋਜਾਨਾ ਗੁਰੂ ਸਾਹਿਬ ਪਾਸੋਂ ਸੰਗਤਾਂ ਕੀਰਤਨ ਸਿੱਖਣ ਲੱਗੀਆਂ ਅਤੇ ਸੰਗਤਾਂ ਰੋਜ਼ ਸਵੇਰੇ ਸ਼ਾਮ ਗੁਰੂਦੇ ਦਰਬਾਰ ਕੀਰਤਨ ਕਰਨ ਲਗ ਪਈਆਂ:

ਤਬ ਸਿਖਨ ਕੀਰਤਨ ਕਰਯੋ ਸ੍ਰੀ ਗੁਰ ਕੇ ਬਚ ਮਾਨਿ। ਆਗੈ ਸਮਝਿ ਨ ਰਾਗ ਕੀ ਗੁਰ ਬਚ ਪਰੀ ਸਿਆਨ।
ਚੌਦਸ ਵਿਦਿਆ ਰਿਦੈ ਮੈ ਰਾਗ ਰੂਪ ਤਿਹਚਾਲ। ਗੁਰ ਅਗ੍ਰਜ ਕੀਰਤਨ ਕਰੈ ਸੁਨਿ ਗੁਰ ਭਏ ਕ੍ਰਿਪਾਲ॥[14]

ਗੁਰੂ ਅਰਜਨ ਦੇਵ ਜੀ ਸੰਗੀਤ ਦੇ ਮਾਹਰ ਵਿਦਵਾਨ ਤੇ ਰਾਗ ਦੇ ਧਨੀ ਸੰਗੀਤਕਾਰ ਸਨ ਜਿਨ੍ਹਾਂ ਨੇ ਆਮ ਸਿੱਖ ਸੰਗਤਾਂ ਨੂੰ ਸ਼ਬਦ ਕੀਰਤਨ ਰਾਗਾਂ ਵਿੱਚ ਸਿਖਾਇਆ ਤੇ ਉਨ੍ਹਾਂ ਨੇ ਵੀ ਗੁਰੂਅਰਜਨ ਸਾਹਿਬ ਪਾਸੋਂ ਰਾਗਾਂ ਦੀ ਸੋਝੀ ਪ੍ਰਾਪਤ ਕਰਕੇ ਰੋਜ਼ਾਨਾ ਦਰਬਾਰ ਸਾਹਿਬ ਲੱਗਣ ਵਾਲੀਆਂ 15 ਕੀਰਤਨ ਚੌਕੀਆਂ ਵਿਚ ਕੀਰਤਨ ਗਾਇਨ ਕਰਨ ਲੱਗੇ।

ਗੁਰ ਸਿਖਨ ਕੋ ਬਰ ਦਿਯੋ ਬਿਦਯਾ ਸੁਭ ਪਾਈ। ਸ੍ਰਾਪ ਤੁਮ ਮੂਖਲਿ ਲਹਯੋ ਭਾਈ ਦਰਿਵਾਈ।
ਨਿਤਪ੍ਰਤਿ ਕਿਰਤਨ ਸਿਖ ਕਰਹਿ ਤਯੋ ਤਯੋ ਸੁਭ ਗਾਵੇ। ਸੰਗਤ ਕੋ ਬਢ ਪ੍ਰੇਮ ਹੋਇ ਮਨ ਸਬਦ ਟਿਕਾਵੈ। (ਸੂਰਜ ਗ੍ਰੰਥ ਪੰਨਾ 270)

ਗੁਰੂ ਘਰ ਵਿਚੋਂ ਕੱਢੇ ਜਾਣ ਤੋਂ ਬਾਅਦ ਭਾਈ ਸੱਤਾ ਅਤੇ ਬਲਵੰਡ ਜੀ ਨੂੰ ਗੁਰੂਘਰ ਦੀ ਸੰਗਤ ਨੇ ਮੂੰਹ ਨਾ ਲਾਇਆ ਤੇ ਨਾ ਹੀ ਉਨ੍ਹਾਂ ਦਾ ਕੀਰਤਨ ਸੁਣਿਆ। ਉਨ੍ਹਾਂ ਨੂੰ ਹੰਕਾਰ ਸੀ ਕਿ ਗੁਰਿਆਈ ਸਿਰਫ਼ ਰਾਗ ਵਿਚ ਹੀ ਹੈ। ਉਹ ਇਹ ਨਹੀਂ ਸਨ ਸਮਝਦੇ ਕਿ ਇਹ ਧੁਰੋਂ ਆਈ ਪਦਵੀ ਹੈ। ਸੋ ਸਭ ਪਾਸੇ ਤੋਂ ਨਿਰਾਸ਼ ਹੋ ਅਤੇ ਆਮਦਨ ਤੋਂ ਵਿਰਵੇ ਹੋ ਕੇ ਦੁਖੀ ਹੋਏ, ਸਰੀਰ ਵੀ ਰੋਗੀ ਹੋ ਗਿਆ। ਕਿਸੇ ਨੇ ਕੀਰਤਨ ਵੀ ਨਾ ਸੁਣਿਆ ਤੇ ਮੂੰਹ ਵੀ ਨਾ ਲਾਇਆ। ਸੋ ਭਾਈ ਸੰਤੋਖ ਸਿੰਘ ਲਿਖਦੇ ਹਨ:

ਉਪਜਯੋ ਰੋਗ ਸਰੀਰ ਮਹਿ ਥੋਰਨ ਦਿਨ ਮਾਹੀ। ਦੁਖ ਦਾਰਿਦ ਤੇ ਗ੍ਰਸਤਿ ਭੇ ਸੁਖ ਕਿਤਹੁ ਨਾਹੀ।
ਜਹਿੰ ਜਹਿੰ ਜਾਚਨਿ ਜਾਤਿ ਜਬ, ਇਨ ਦਿਸਿ ਨਹਿੰ ਦੇਖੈ। ਕ੍ਰੋਧ ਹੋਇ ਗਾਰੀ ਕਢਹਿੰ ਦੈਬੋ ਕਿਸ ਲੇਖੇ। ।

(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ ਤੀਜੀ, ਪੰਨਾ 44)

ਕੋਈ ਗੁਰ ਕੇ ਨਿੰਦਕਾਂ ਨੂੰ ਮੂੰਹ ਨਾ ਲਗਾਵੇ ਅਤੇ ਲਾ ਹੀ ਕੋਈ ਹੀਆ ਕਰੇ ਗੁਰੂ ਪਾਸ ਸਿਫਾਰਸ਼ ਕਰਨ ਦੀ। ਜਦੋਂ ਕਿਸੇ ਪਾਸੇ ਤੋਂ ਵੀ ਢੋਈ ਨਾ ਮਿਲੀ ਤਾਂ ਪਾਈ ਸੱਤਾ ਅਤੇ ਬਲਵੰਡ ਜੀ ਲਾਹੌਰ ਭਾਈ ਲੱਧਾ ਜੀ (ਪਰਉਪਕਾਰੀ) ਦੀ ਸ਼ਰਨ ਵਿਚ ਜਾ ਡਿੱਗੇ ਜੋ ਗੁਰੂਸਾਹਿਬ ਦਾ ਭਗਤ ਸੀ ਤੇ ਹੁਣ ਪਛਤਾਵਾ ਵੀ ਸੱਚਾ ਤਕਿਆ ਤਾਂ ਭਾਈ ਲੱਧਾ ਜੀ ਨੇ ਸਾਰੀ ਵਿਥਿਆ ਸੁਣ ਕੇ ਗੁਰੂਜੀ ਦੀ ਆਗਿਆ ਅਨੁਸਾਰ, ਆਪ ਮੂੰਹ ਕਾਲਾ ਕੀਤਾ, ਖੋਤੇ ਤੇ ਚੜ ਕੇ ਗੁਰੂਦਰਬਾਰ ਪਹੁੰਚੇ। ਗੁਰੂਸਾਹਿਬ ਨੂੰ ਭਾਈ ਲੱਧੇ ਨੇ ਬਿਨੈ ਕੀਤੀ, ਨਿੰਦਕ ਦੀ ਸਿਫਾਰਸ਼ ਆਪ ਦੇ ਦਰਬਾਰ ਮੰਨੇ ਹੈ, ਨਿੰਦਕ ਦਾ ਮੂੰਹ ਕਾਲਾ ਲਿਖਿਆ ਹੈ:

ਨਿਦਕ ਨਰ ਕਾਲੇ ਮੁਖ ਨਿੰਦਾ। ਜਿਨ ਗੁਰੂਕੀ ਦਾਤ ਨਾ ਭਾਈ॥[15]

ਜਿਹਾ ਨਿੰਦਕ ਤਿਹਾ ਸਿਫਾਰਸ਼ੀ ਇਸ ਕਾਰਨ ਮੈਂ ਮੂੰਹ ਕਾਲੇ ਹਾਜ਼ਰੀ ਭਰੀ ਹੈ, ਮੈਂ ਨਿੰਦਕ ਦਾ ਸਾਥੀ ਹਾਂ ਕਿ ਤੁਹਾਡੇ ਪਾਸ ਹੋਰ ਕਿਵੇਂ ਆਂਵਦਾ? ਗੁਰੂ ਸਾਹਿਬ! ਆਪ ਦੇ ਨਿੰਦਾ ਨਾਲ ਧ੍ਰਿਕਾਰੇ ਗਏ ਰਬਾਬੀ ਹੁਣ ਪਛਤਾਉਂਦੇ ਹਨ, ਬਖਸ਼ਿਸ਼ ਮੰਗਦੇ ਹਨ, ਮੇਹਰ ਕਰੋ ਤੇ ਮੁੜ ਬਖਸ਼ੇ ਜਾਣ। ਮੈਂ ਨਿਸ਼ਚੇ ਕਰਕੇ ਆਇਆ ਹਾਂ ਕਿ ਹੁਣ ਸੱਚੇ ਦਿਲੋਂ ਮੁਆਫ਼ੀ ਮੰਗਦੇ ਹਨ, ਭਾਈ ਲੱਧੇ ਦੇ

ਲਾਹੌਰ ਪਹੁੰਚਣ ਬਾਰੇ ਗੁਰੂ ਬਿਲਾਸ ਪਾਤਸ਼ਾਹੀ 6ਵੀਂ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਭਾਈ ਲੱਧਾ ਗੁਰੂਦੇ ਹੁਕਮ ਅਨੁਸਾਰ ਕਿਸ ਤਰ੍ਹਾਂ ਗੁਰੂਪਾਸ ਪਹੁੰਚੇ:

ਬਾਜਤ ਢੋਲ ਗਧੇ ਅਸਵਾਰਾ। ਪ੍ਰਵੇਸ ਕੀਯੋ ਤਬ ਤਬ ਨਗਰ ਮਝਾਰਾ।
ਕੌਤਕ ਦੇਖਿ ਸਭੈ ਨਰ ਨਾਰੀ। ਲਧੇ ਕੀ ਮੁਖਿ ਉਪਮ ਉਚਾਰੀ।
ਪਰ ਹਿਤਿ ਐਸ ਜਤਨ ਜਿਹ ਕੀਨੋ। ਹਾਨ ਲਾਭ ਚਿਤਿ ਰਚਨਾ ਚੀਨੋ।
ਸੁਧਾ ਸਰੋਵਰ ਲੱਧਾ ਗਯੋ। ਖੜੇ ਸੁਨੇ ਸ੍ਰੀ ਗੁਰ ਸੁਖੁ ਲਯੋ॥
ਢੋਲ ਬਜਾਵਤ ਤਹਾ ਸਿਧਾਯੋ। ਢੋਲ ਸਬਦ ਸ੍ਰੀ ਗੁਰ ਸੁਨਿ ਪਾਯੋ।
ਪੂਛਤ ਭਹੇ ਕੋਨ ਚਲਿ ਆਵੇ। ਬਾਜਤ ਢੋਲ ਭੀਰ ਬਢ ਪਾਵੈ।
ਤਬ ਲੋ ਲੱਧਾ ਗੁਰ ਨਿਕਟਾਯੋ। ਗਰਧਬ ਪਰਿ ਠਾਢਾ ਸਮੁਹਾਯੋ।
ਮੁਹਿ ਕਾਲਾ ਕਰਿ ਮੁੰਛ ਮੁੰਡਾਈ। ਸ੍ਰੀ ਗੁਰ ਕੀ ਮੁਖਿ ਉਪਮ ਕਰਾਈ॥

ਗੁਰੂ ਸਾਹਿਬ ਪਹਿਲਾਂ ਤਾਂ ਸੁਣਦੇ ਗਏ ਫਿਰ ਬੋਲੇ ਚੰਗਾ ਭਾਈ ਪਰਉਪਕਾਰੀ! ਚੰਗਾ ਬਖਸ਼ੇ! ਇਦਾਂ ਬਖਸ਼ੇ ਜਾ ਕੇ ਆਂ ਦੋਹੀ ਚਰਨੀ ਢਹੇ ਦਾਤੇ ਨੇ ਮੇਹਰ ਕੀਤੀ ਅਤੇ ਉਹਨਾਂ ਦੇ ਹਥ ਵਿਚ ਰਬਾਬ ਦਿੱਤੀ ਅਤੇ ਹੁਕਮ ਕੀਤਾ ਕਿ ਜਿਸ ਮੂੰਹ ਨਾਲ ਬੁਰਾਈ ਕੀਤੀ ਉਸ ਮੂੰਹ ਤੋਂ ਗੁਰੂਦਾ ਜਸ ਦਾ ਕਥਨ ਕਰਨਾ ਹੰਕਾਰ ਦੂਰ ਕਰਕੇ ਦੋਵੇਂ ਭਾਈ ਫੇਰ ਗੁਰੂਅਰਜਨ ਦੇ ਸਨਮੁਖ ਜਾ ਖੜੇ ਹੋਏ।

ਸ੍ਰੀ ਅਰਜਨ ਕੇ ਪੁਨ, ਹੋਇ ਸਨਮੁਖ ਡਾਢੇ ਭਏ ਸੁਦਰਪ ਨਿੰਕਦ। ਰੁਚਿਰ ਰਾਗਨੀ ਰਾਮਕਲੀ ਵਿਚ ਕਰੀ ਵਾਰ ਉਹ ਧਾਰਿ ਆਨੰਦ
ਪੋੜੀ ਚਾਰ ਮਝਾਰ ਕਹਯੋ ਸੁਭ ਸ੍ਰੀ ਨਾਨਕ ਕੋ ਸਜੁਸ ਬਿਲੰਦ। ਹੁਤੀ ਜਖਾ ਮਤਿ ਤਥਾ ਕਥਯੋ ਤਬ ਹੋਨਿ ਕ੍ਰਿਤਾਰਥ ਸ੍ਵਾਰਥਵੰਦ॥[16]

ਉਹਨਾਂ ਹੀ ਸਾਜ਼ਾਂ ਨਾਲ ਗੁਰੂਨਾਨਕ ਦੇਵ ਜੀ ਦੀ ਉਸਤਤ ਵਿਚ ਕੀਰਤਨ ਕਰਨ, ਜਿਸ ਨਾਲ ਉਹਨਾਂ ਨੇ ਨਿੰਦਾ ਕੀਤੀ ਸੀ। ਮਨ ਨਿਰਮਲ ਹੋ ਗਿਆ, ਸਬਦ ਦੀ ਰੰਗਤ ਚੜ੍ਹੀ ਤਦ ਬਲਵੰਡ ਨੇ ਵਾਰ ਉਚਾਰੀ:

ਸ੍ਰੀ ਗੁਰ ਸਨਮੁਖ ਆਇ ਕੈ ਕੀਨੀ ਵਾਰ ਉਚਾਰ। ਰਾਮਕਲੀ ਸੁਭ ਰਾਗ ਮੈ ਪਉੜੀ ਅਸ਼ਟ ਸੁਧਾਰ।
ਸ੍ਰੀ ਗੁਰੂਨਾਨਕ ਜਸ ਕਹਾ ਪਉੜੀ ਚਾਰਿ ਜੁ ਆਦਿ। ਬ੍ਰਹਮ ਰੂਪ ਬਰਨਨ ਕਰੇ ਸ੍ਰੀ ਗੁਰ ਰੂਪ ਅਨਾਦਿ॥[17]

ਸੋ ਭਾਈ ਸੱਤੇ ਤੇ ਬਲਵੰਡ ਨੇ ਗੁਰੂਪਾਸ ਆਪਣੀ ਭੁੱਲ ਬਖਸ਼ ਕੇ ਦੁਬਾਰਾ ਰਾਗ, ਸਾਜ ਨਾਲ ਗੁਰੂ ਦਰਬਾਰ ਵਿਚ ਕੀਰਤਨ ਕਰਕੇ ਪ੍ਰਸਿੱਧੀ ਪਾਈ। ਮਹਿਮਾ ਪ੍ਰਕਾਸ਼ ਵਿਚ ਇਸ ਪ੍ਰਥਾਇ ਜ਼ਿਕਰ ਹੈ:

ਬਲਵੰਡ ਪੁਤ੍ਰ ਸੱਤਾ ਤਾ ਆਇਆ। ਆਨ ਹਜੂਰ ਰਬਾਬ ਵਜਾਇਆ।
ਪਉੜੀ ਕਰੇ ਉਸਤਹ ਮੁਖ ਗਾਈ। ਟਿਕੇ ਕੀ ਵਾਰ ਮਾਹਿ ਸੋ ਲਾਈ। (ਮਹਿਮਾ ਪ੍ਰਕਾਸ਼ ਪੰਨਾ 297)

ਭਾਈ ਸਾਹਿਬ ਸਿੰਘ ਜੀ ਅਨੁਸਾਰ ਵੀ ਭਾਈ ਸੱਤਾ ਅਤੇ ਬਲਵੰਡ ਜੀ ਨੇ ਗੁਰੂ ਜੀ ਵਲੋਂ ਬਖਸ਼ੇ ਜਾਣ ਤੇ ਰਾਮਕਲੀ ਦੀ ਵਾਰ ਜਿਸ ਨੂੰ ਟੀਕੇ ਦੀ ਵਾਰ ਵੀ ਕਹਿੰਦੇ ਹਨ, ਗੁਰੂਦੇ ਹਜ਼ੂਰ ਉਚਾਰੀ ਜਿਸ ਦੀ ਪਹਿਲੀ ਪਉੜੀ ਗੁਰੂਨਾਨਕ ਦੇਵ ਜੀ ਦੀ ਉਸਤਤ ਵਿਚ, ਦੂਜੀ ਅਤੇ ਤੀਜੀ ਪਉੜੀ ਗੁਰੂਅੰਗਦ ਦੇਵ ਜੀ ਦੀ ਸਿਫਤ ਸਲਾਹ ਵਿਚ ਉਚਾਰੀ। ਵਾਰ ਦੀਆਂ ਅਗਲੀਆਂ ਪੰਜ ਪਉੜੀਆਂ ਸੱਤੇ ਨੇ ਗੁਰੂ ਜੀ ਵਲੋਂ ਬਖਸ਼ੇ ਜਾਣ ਤੇ ਗੁਰੂਦੇ ਹਜ਼ੂਰ ਉਚਾਰੀਆਂ ਸਨ। ਚੌਥੀ ਅਤੇ ਪੰਜਵੀਂ ਪਉੜੀ ਵਿਚ ਗੁਰੂਅੰਗਦ ਦੇਵ ਜੀ ਦੀ ਵਡਿਆਈ ਦਰਜ ਹੈ। ਇਸ ਵਿਚੋਂ ਦੋ ਤੁਕਾਂ ਐਸੀਆਂ ਹਨ, ਜਿਨ੍ਹਾਂ ਤੋਂ ਜਾਹਰ ਹੁੰਦਾ ਹੈ ਕਿ ਇਸ ਪਉੜੀ ਦਾ ਉਚਾਰਣ ਕਰਨ ਵਾਲਾ ਆਪਣੀ ਕੀਤੀ ਭੁੱਲ ਤੇ ਬਹੁਤ ਦੁਖੀ ਹੈ:

ਲਬ ਵਿਵਾਹੇ ਮਾਣਸਾ ਜਿਉ ਪਾਣੀ ਬੂਰ। ਨਿੰਦਾ ਤੇਰੀ ਜੋ ਕਰੇ ਸੋ ਵੰਵੈ ਚੂਰ।[18]

ਛੇਵੀਂ ਪਉੜੀ ਭਾਈ ਸੱਤਾ ਜੀ ਨੇ ਗੁਰੂ ਅਮਰਦਾਸ ਜੀ ਦੀ ਉਸਤਤ ਵਿਚ ਉਚਾਰੀ। ਛੇਵੀਂ ਪਉੜੀ ਵਿਚ ਭਾਈ ਸੱਤਾ ਲਿਖਦੇ ਹਨ:

ਦਾਨੁ ਜੇ ਸਤਿਗੁਰ ਭਾਵਸੀ ਸੋ ਸੱਤੇ ਦਾਨ।[19]

ਅਤੇ ਅੱਠਵੀਂ ਪਉੜੀ ਵਿਚ ਭਾਈ ਸੱਤਾ ਲਿਖਦੇ ਹਨ ਕਿ ਗੁਰੂਨਾਨਕ ਦੇਵ ਜੀ ਦੇ ਹੀ:

ਤਖਤ ਬੈਠਾ ਅਰਜਨ ਸਤਿਗੁਰੂਕਾ ਖਿਵੇ ਚੰਦੋਆ।

ਇਸ ਤੋਂ ਸਪਸ਼ਟ ਹੈ ਕਿ ਪਹਿਲੀਆਂ ਤਿੰਨ ਪਉੜੀਆਂ ਰਾਮਕਲੀ ਦੀ ਵਾਰ ਦੀਆਂ ਭਾਈ ਬਲਵੰਡ ਨੇ ਉਚਾਰੀਆਂ ਅਤੇ

ਪਿਛਲੀਆਂ ਪੰਜ ਪਉੜੀਆਂ ਭਾਈ ਸੱਤਾ ਜੀ ਦੀਆਂ ਉਚਾਰੀਆ ਹੋਈਆਂ ਹਨ। ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਗੁਰੂਵਲੋਂ ਬਖਸ਼ੇ ਜਾਣ ਤੇ ਉਹਨਾਂ ਵਲੋਂ ਭੁੱਲ ਦਾ ਜ਼ਿਕਰ ਕਰਦਿਆਂ[20] ਦੱਸਿਆ ਹੈ ਕਿ ਦੋਵੇਂ ਅੰਮ੍ਰਿਤ ਵੇਲੇ ਆਸਾ ਦੀ ਵਾਰੋ ਸ਼ਾਮ ਨੂੰ ਸੋਦਰੋ ਦਾ ਕੀਰਤਨ ਕਰਦੇ ਸਨ।[21] ਇਸ ਤਰ੍ਹਾਂ ਗੁਰੂਅਰਜਨ ਦੇਵ ਜੀ ਨੇ ਭਾਈ ਸੱਤਾ ਅਤੇ ਬਲਵੰਡ ਦੀ ਕੀਰਤਨ ਦੀ ਸੇਵਾ ਨੂੰ ਮੁੱਖ ਰੱਖਦਿਆ ਉਨ੍ਹਾਂ ਦੀ ਉਚਾਰੀ ਹੋਈ ਵਾਰ ਜਿਸ ਨੂੰ ਟੀਕੇ ਦੀ ਵਾਰੋ ਵੀ ਆਖਦੇ ਹਨ, ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਕੀਤੀ ਬਖਸਾਵਨ ਆਇਆ ਬਖਸਿਆ ਗਿਆ। ਭਾਈ ਲੱਧਾ ਦਾ ਨਾਂ ਗੁਰੂਰਸਨਾ ਤੋਂ ਭਾਈ ਲੱਧਾ ਪਰਉਪਕਾਰੀ ਬਣਿਆ। ਇਹ ਨਾਮ ਭਾਈ ਗੁਰਦਾਸ ਜੀ ਦੇ ਗਿਣੇ ਸਿੱਖਾਂ ਵਿਚੋਂ ਹੈ। ਇਸ ਤਰ੍ਹਾਂ ਇਤਿਹਾਸਕਾਰਾਂ ਦੀ ਨਵੀਨ ਖੋਜ ਅਨੁਸਾਰ ਭਾਈ ਸੱਤਾ ਅਤੇ ਬਲਵੰਡ ਗੁਰੂਅਰਜਨ ਦੇਵ ਜੀ ਦੇ ਹੀ ਹਜ਼ੂਰੀ ਕੀਰਤਨੀਏ ਸਨ। ਉਨ੍ਹਾਂ ਵਲੋਂ ਲਿਖੀਂ ਰਾਮਕਲੀ ਦੀ ਵਾਰੋ:

ਰਾਇ ਬਲਵੰਡ ਤਥਾ ਸਤੈ ਡੂਮਿਕ ਆਖੈ।[22]

ਅੱਜ ਵੀ ਕੀਰਤਨੀਏ ਪਾਸੋ ਕੀਰਤਨ ਦੁਆਰਾ ਸੁਣੀ ਜਾਂਦੀ ਹੈ। ਗੁਰ ਫੁਰਮਾਨ ਹੈ:

ਗੁਰ ਸਮੁੰਦੁ ਨਦੀ ਸਭਿ ਸਿਖੀ ਅਤੇ ਜਿਤੁ ਵਡਿਆਈ। ਇਨ੍ਹਾਂ ਦੋਹਾਂ ਕੀਰਤਨੀ ਰਬਾਬੀਆਂ ਤੇ ਸਹੀ ਢੁਕਦੀ ਹੈ।

ਮਨੁੱਖ ਹਮੇਸ਼ਾਂ ਭੁੱਲਣਹਾਰ ਹੈ ਅਤੇ ਉਹ ਜਾਣੇ ਅਣਜਾਣੇ ਗ਼ਲਤੀਆਂ ਕਰ ਸਕਦਾ ਹੈ, ਪਰੰਤੂਗੁਰੂਸਮੁੰਦਰ ਸਾਮਾਨ ਹੈ, ਜਿਸ ਨੇ ਉਨ੍ਹਾਂ ਸਭ ਪ੍ਰਾਣੀਆਂ ਦੀਆਂ ਟੁੱਟੀਆਂ ਗੰਢੀਆਂ ਜਿਨ੍ਹਾਂ ਨੇ ਸੱਚੇ ਦਿਲੋਂ ਪਸ਼ਚਾਤਾਪ ਕੀਤਾ ਅਤੇ ਭੁੱਲਾਂ ਬਖਸ਼ਵਾਈਆਂ। ਗੁਰੂਘਰ ਵਿਚ ਮੁੜ ਇਨ੍ਹਾਂ ਦੋਹਾਂ ਕੀਰਤਨੀਆਂ ਨੂੰ ਗੁਰੂ ਅਰਜਨ ਦੇਵ ਜੀ ਵੱਲੋਂ ਉਹੋ ਮਾਣ ਅਤੇ ਉਹੀ ਮੁੱਹਬਤ ਮਿਲੀ, ਜਿਹੜੀ ਸ਼ੁਰੂਤੋਂ ਮਿਲਦੀ ਆ ਰਹੀ ਸੀ।

ਗੁਰੂਅਰਜਨ ਸਾਹਿਬ ਵਲੋਂ ਭਾਈ ਸੱਤਾ ਅਤੇ ਬਲਵੰਡ ਵਲੋਂ ਰਚੀ ਤੇ ਗਾਇਨ ਕੀਤੀ ਵਾਰ ਨੂੰ ਸੁਣ ਕੇ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਕੀਤਾ ਜਿਨ੍ਹਾਂ ਨੇ ਗੁਰਬਾਣੀ ਕੀਰਤਨ ਦੇ ਪ੍ਰਚਾਰ ਪਸਾਰ ਵਿਚ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕੀਤੀ।

ਭਾਈ ਸੱਤਾ ਅਤੇ ਬਲਵੰਡ ਗੁਰੂਹਰਗੋਬਿੰਦ ਵੇਲੇ ਤਕ ਗੁਰੂਦਰਬਾਰ ਵਿਚ ਕੀਰਤਨ ਕਰਦੇ ਰਹੇ ਅਤੇ ਇਥੇ ਹੀ ਉਹਨਾਂ ਅੰਤਿਮ ਸਮੇਂ ਬਾਰੇ ਗੁਰਬਿਲਾਸ ਪਾਤਸ਼ਾਹੀ 6ਵੀਂ ਵਿਚ ਕਵੀ ਨੇ ਲਿਖਿਆ ਹੈ:

- ਗੁਰ ਮੂਰਤ ਮਨ ਮੈ ਦ੍ਰਿੜ ਕੀਤੀ। ਸਤਿਨਾਮ ਕਰ ਬਪ ਤਜ ਦੀਨੀ।[23]
- ਮ੍ਰਿਤ ਰੀਤਿ ਜੋ ਤੋਹਿ ਮੈ ਕਰੋਂ ਸੋਇ ਮਨੁ ਲਾਇ। ਬਾਬਨ ਸ੍ਰੀ ਗੁਰ ਬੈਨ ਸੁਨਿ ਕੀਨ ਰੀਤਿ ਜੋ ਭਾਈ।[24]

ਗੁਰੂ ਹਰਿਗੋਬਿੰਦ ਸਾਹਿਬ ਨੇ ਦੋਨਾਂ ਦੀ ਕੀਰਤਨ ਪਰੰਪਰਾ ਨੂੰ ਮੁੱਖ ਰੱਖ ਕੇ ਜਿਸ ਤਰ੍ਹਾਂ ਦੀ ਮ੍ਰਿਤਕ ਕਿਰਿਆ ਦੀ ਮਰਿਯਾਦਾ ਉਹਨਾਂ ਦੇ ਘਰਾਣੇ ਵਿਚ ਪ੍ਰਚਲਿਤ ਸੀ, ਉਹਨਾਂ ਨੂੰ ਆਪਣੇ ਹੱਥੀਂ ਦਿਵਾਇਆ:

ਬਲਵੰਡ ਸਤੇ ਕੀ ਦੇਹ ਉਠਾਇ। ਰਾਵੀ ਤਟ ਦਾਬੀ ਹਿਤੁ ਲਾਇ। ਕਬਰ ਬਨਾਇ ਆਇ ਪੁਨਿ ਤਹਾ, ਹਰਿਗੋਬਿੰਦ ਗੁਰ ਸਥਿਤ ਜਹਾ।
ਕੀਰਤਨ ਤਾਹਿ ਗੁਰੂਮਨਿ ਆਯੋ। ਨੈਨਨ ਨੀਰ ਰੁਮਾਲ ਹਟਾਯੋ। ਬਾਬਕ ਕੌ ਪੁਨਿ ਯੋਂ ਫਰਮਾਇਓ। ਕੀਰਤਨ ਕਰੋਂ ਰਬਾਬ ਬਜਾਇ॥[25]

ਇਸ ਤਰ੍ਹਾਂ ਸਿੱਖ ਗੁਰੂਦਰਬਾਰ ਵਿਚ ਕੀਰਤਨ ਕਰਨ ਕਾਰਨ ਭਾਈ ਸੱਤਾ ਅਤੇ ਬਲਵੰਡ ਨੂੰ ਬੜਾ ਮਾਣ ਅਤੇ ਸਤਿਕਾਰ ਮਿਲਿਆ ਅਤੇ ਗੁਰਮਤਿ ਸੰਗੀਤ ਦੀ ਰਬਾਬੀ ਪਰੰਪਰਾ ਵਿਚ ਉਹਨਾਂ ਦਾ ਇਕ ਮਹੱਤਵਪੂਰਨ ਸਥਾਨ ਹੈ ਕਿਉਂਕਿ ਉਹ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਰਬਾਬ ਸਾਜ ਨਾਲ ਕੀਰਤਨ ਕਰਨ ਵਾਲੇ ਪਹਿਲੇ ਰਬਾਬੀ ਕੀਰਤਨੀਏ ਸਨ।

ਹਵਾਲੇ : (1) ਮਹਿਮਾ ਪ੍ਰਕਾਸ਼, ਛੰਦ 214/2 (2) ਸਾਹਿਬ ਸਿੰਘ (ਪ੍ਰੋ.), ਸੱਤਾ ਬਲਵੰਡ ਦੀ ਵਾਰ ਸਟੀਕ, ਪੰਨਾ 73. (3) ਦ ਸਿੱਖ ਰਿਲੀਜ਼ਨ, ਪੰਨਾ 29 (4) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 98.(5) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 98. (6) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 98.(7) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 99. (8) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 99. (9) ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ 2195.(10) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 99. (11) ਗੁਪ੍ਰਤਾਪ ਸੂਰਜ ਗ੍ਰੰਥ, ਪੰਨਾ 2100. (12) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 101. (13) ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ 2179. (14) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 101. (15) ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 505. (16). ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 104. (17) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 98. (18) ਸ੍ਰੀ ਗੁਰੂਗ੍ਰੰਥ ਸਾਹਿਬ, ਵਾਰ ਸੱਤਾ ਬਲਵੰਡ, ਪੰਨਾ 967. (19) ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 968.(20) ਗੁਰੂ ਅਸਟ ਚਮਤਕਾਰ, ਪੰਨੇ 90-94. (21) ਗੁਰੂ ਅਸਟ ਚਮਤਕਾਰ, ਪੰਨਾ 90. (22) ਵਾਰ ਮਾਝ, ਪੰਨਾ 150. (23) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 256. (24) ਗੁਰਬਿਲਾਸ ਪਾਤਸ਼ਾਹੀ 6ਵੀਂ, ਪੰਨਾ 293. (25) ਡਾ. ਨਵਰਤਨ ਕਪੂਰ, ਗੁਰੂਅੰਗਦ ਮਹਿਮਾ, ਪੰਨਾ 103.

ਮੁਖੀ, ਪੰਜਾਬੀ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗਜ਼ਲਕਾਰ ਜਗਜੀਤ ਸਿੰਘ

## ਕਰਮ ਸਿੰਘ ਰਤਨ

ਗਜ਼ਲਕਾਰ, ਸਵਰਗੀ ਜਗਜੀਤ ਸਿੰਘ ਸੰਗੀਤ ਦੇ ਖੇਤਰ ਵਿਚ ਇਕ ਐਸਾ ਨਾਮ ਹੈ ਜਿਸ ਨੇ ਗਜ਼ਲ ਸ਼ੈਲੀ ਨੂੰ ਸਮੇਂ ਦਾ ਹਾਣੀ ਬਣਾ ਕੇ, ਦਰਬਾਰੇ ਖਾਸ ਵਿਚੋਂ ਕੱਢ ਕੇ, ਦਰਬਾਰੇ ਆਮ ਵਿਚ ਮਕਬੂਲ ਅਸਥਾਨ ਦਿਵਾਇਆ।ਸੰਗੀਤਕਾਰ ਗੁਲਜ਼ਾਰ ਸਾਹਿਬ ਇਹਨਾਂ ਨੂੰ ਗਜ਼ਲਜੀਤ ਕਹਿ ਕੇ ਬੁਲਾਉਂਦੇ ਸਨ ਅਤੇ 80 ਦੇ ਦਹਾਕੇ ਵਿਚ ਜਗਜੀਤ ਸਿੰਘ ਗਜ਼ਲ ਦੀ ਇਕ ਐਸੀ ਸ਼ਕਲ ਲੈ ਕੇ ਆਏ, ਜੋ ਹੁਣ ਤਕ ਲੋਕਾਂ ਦੇ ਦਿਲਾਂ ਦੇ ਵਿਚ ਛਾਈ ਹੋਈ ਹੈ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਅਤੇ ਪੂਰੇ ਹਿੰਦੁਸਤਾਨ ਵਿਚ ਜਦੋਂ ਵੀ ਕਦੇ ਧੁਨ ਦੇ ਬਾਦਸ਼ਾਹ, ਸੰਗੀਤ ਅਤੇ ਅਦਬ ਸ਼ਾਇਰੀ, ਵਿਸ਼ੇਸ਼ ਕਰ ਕੇ ਗਜ਼ਲ ਦੀ ਗੱਲ ਚੱਲੇਗੀ, ਤਾਂ ਗਜ਼ਲ ਗਾਇਕੀ ਦੇ ਸਿਰਮੌਰ ਕਲਾਕਾਰ ਜਗਜੀਤ ਸਿੰਘ ਦਾ ਨਾਮ ਤਾਰੀਖ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ।

ਇਸ ਪਦਵੀ ’ਤੇ ਪਹੁੰਚਣ ਲਈ ਜਗਜੀਤ ਸਿੰਘ ’ਤੇ ਦੋਸ਼ ਵੀ ਲੱਗੇ ਕਿ ਇਹ ਗਜ਼ਲ ਦੀ ਸ਼ੁੱਧਤਾ ਅਤੇ ਮੂਡ ਨਾਲ ਛੇੜਖਾਨੀ ਕਰ ਰਹੇ ਹਨ। ਪਰ ਇਹ ਡਟੇ ਰਹੇ, ਇਹ ਪਰਿਵਰਤਨ ਕਰਨ ਵਿਚ ਇਹਨਾਂ ਨੂੰ ਬੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਜਿਸ ਸਮੇਂ ਜਗਜੀਤ ਸਿੰਘ ਨੇ ਇਸ ਖੇਤਰ ਵਿਚ ਕਦਮ ਰੱਖਿਆ, ਉਸ ਸਮੇਂ ਗਜ਼ਲਕਾਰ ਮਹਿੰਦੀ ਹਸਨ, ਬੇਗਮ ਅਖਤਰ ਅਤੇ ਗੁਲਾਮ ਅਲੀ ਵਰਗੇ ਗਾਇਕ ਸਥਾਪਤ ਹੋ ਚੁੱਕੇ ਸਨ। ਪਰ ਇਹਨਾਂ ਦੀ ਗਜ਼ਲ ਸ਼ੈਲੀ ਇਕ ਖਾਸ ਤਬਕੇ ਲਈ ਸੀ, ਅਰਧ ਸ਼ਾਸਤਰੀ ਸੰਗੀਤ ਅਤੇ ਭਾਰੀ ਭਰਕਮ ਭਾਸ਼ਾ ਵਿਚ ਬੱਝੀ ਹੋਈ ਸੀ। ਜਿਸ ਵਿਚ ਆਮ ਆਦਮੀ ਦੀ ਦਿਲਚਸਪੀ ਨਹੀਂ ਸੀ। ਪਰ ਜਗਜੀਤ ਸਿੰਘ ਐਸੀ ਗਜ਼ਲਸ਼ੈਲੀ ਦੇ ਪ੍ਰਚਾਰ ਵਿਚ ਸਫਲ ਅਤੇ ਕਾਮਯਾਬ ਰਹੇ। ਜਿਸ ਵਿਚ ਉਰਦੂ ਭਾਸ਼ਾ ਦੇ ਨਾਲ ਨਾਲ ਹਿੰਦੀ ਭਾਸ਼ਾ ਦੇ ਸ਼ਿਅਰ ਅਤੇ ਭਾਰਤੀ ਸੰਗੀਤ ਪ੍ਰੰਪਰਾ ਦੇ ਸਾਜ਼, ਸੰਤੂਰ, ਤਬਲੇ ਤੋਂ ਇਲਾਵਾ, ਗਿਟਾਰ, ਵਾਇਲਨ, ਆਰਗਨ, ਤੇ ਹਰਮੋਨੀਅਮ ਵਰਗੇ ਪੱਛਮੀ ਸਾਜ਼ ਵੀ ਸ਼ਾਮਿਲ ਕੀਤੇ, ਜਿਹਨਾਂ ਨੂੰ ਨਵੀਂ ਪੀੜ੍ਹੀ ਨੇ ਪਸੰਦ ਕੀਤਾ। ਜਿੱਥੇ ਇਸ ਗਾਇਕ ਨੇ ਮਿਰਜ਼ਾ ਗਾਲਿਬ ਨੂੰ ਗਾਇਆ, ਉਥੇ ਗੁਲਜ਼ਾਰ, ਸੁਦਰਸ਼ਨ ਫ਼ਾਕਿਰ ਦੇ ਨਾਲ ਭਗਤੀ ਸੰਗੀਤ ਅਤੇ ਗੁਰਬਾਣੀ ਨੂੰ ਵੀ ਘਰ ਘਰ ਪਹੁੰਚਾਇਆ।

ਸ: ਅਮਰ ਸਿੰਘ ਧੀਮਾਨ, ਸਰਕਾਰੀ ਮੁਲਾਜ਼ਮ ਸਨ ਅਤੇ ਰੋਪੜ ਦੇ ਕੋਲ ਪਿੰਡ ਡੱਲਾ ਦੇ ਰਹਿਣ ਵਾਲੇ ਸਨ। ਆਪ ਜੀ ਨਾਮਧਾਰੀ ਸਿੱਖ ਸੰਪਰਦਾ ਵਿਚੋਂ ਸਨ ਅਤੇ ਨਾਮਧਾਰੀ ਗੁਰੂ, ਸਤਿਗੁਰ ਪ੍ਰਤਾਪ ਸਿੰਘ ਜੀ ਦੇ ਪੈਰੋਕਾਰ ਸਨ। ਇਹਨਾਂ ਦੀ ਸੁਪਤਨੀ ਸਰਦਾਰਨੀ ਬਚਨ ਕੌਰ ਸਮਰਾਲਾ ਦੇ ਕੋਲ ਪਿੰਡ ਉਟਾਲਾ ਦੀ ਸੀ, ਇਸ ਪਰਿਵਾਰ ਵਿਚ, ਸੁਭਾਗੀ ਕੁੱਖੋਂ ਜਗਜੀਤ ਸਿੰਘ ਦਾ ਜਨਮ 8 ਫਰਵਰੀ ਸੰਨ 1941 ਵਿਚ ਹੋਇਆ। ਜਦੋਂ ਜਗਜੀਤ ਸਿੰਘ ਦਾ ਜਨਮ ਹੋਇਆ, ਉਸ ਸਮੇਂ ਇਹ ਪਰਿਵਾਰ ਸ੍ਰੀ ਗੰਗਾਨਗਰ (ਰਾਜਸਥਾਨ) ਵਿਚ ਰਹਿੰਦਾ ਸੀ ਅਤੇ ਜਗਜੀਤ ਸਿੰਘ ਦੀਆਂ ਚਾਰ ਭੈਣਾ ਅਤੇ ਇਕ ਭਰਾ ਸੀ। ਆਪ ਜੀ ਦਾ ਹਰਿਆ ਭਰਿਆ ਤੇ ਖੁਸ਼ਹਾਲ ਪਰਿਵਾਰ ਸੀ। ਆਪ ਜੀ ਨੂੰ ਸਾਰੇ (ਜੀਤ) ਕਹਿ ਕੇ ਬੁਲਾਉਂਦੇ ਹੁੰਦੇ ਸਨ। ਆਪ ਜੀ ਦੇ ਪਿਤਾ ਜੀ ਆਪ ਜੀ ਨੂੰ ਆਈ. ਏ. ਐੱਸ. ਬਣਾਉਣਾ ਚਾਹੁੰਦੇ ਸਨ। ਇਹਨਾਂ ਦੇ ਪਿਤਾ ਜੀ ਅਕਸਰ ਭੈਣੀ ਸਾਹਿਬ ਜਾਂਦੇ ਰਹਿੰਦੇ ਸਨ। ਬਚਪਨ ਵਿਚ ਜੀਤ ਨੂੰ ਵੀ ਨਾਲ ਲੈ ਜਾਂਦੇ ਸਨ। ਪਿਤਾ ਜੀ ਕੀਰਤਨ ਦੇ ਰਸੀਆ ਸਨ, ਸੋ ਕੀਰਤਨ ਦਾ ਪ੍ਰਭਾਵ ਜਗਜੀਤ ਦੇ ਬਾਲ ਮਨ ਤੇ ਐਸਾ ਪਿਆ ਕਿ ਉਸ ਨੂੰ ਵੀ ਸੰਗੀਤ ਦੀ ਚੇਟਕ ਲਗ ਗਈ।

ਪਰ ਕਿਸਮਤ ਨੂੰ ਕੁਝ ਹੋਰ ਹੀ ਮੰਜ਼ੂਰ ਸੀ। ਜਗਜੀਤ ਸਿੰਘ ਨਾ ਤਾਂ ਆਈ. ਏ. ਐੱਸ. ਬਣ ਸਕੇ ਤੇ ਨਾ ਹੀ ਕੀਰਤਨੀਏ ਬਣੇ ਬਲਕਿ ਗਜ਼ਲ ਦੇ ਸੰਘਣੇ ਪੇੜ ਦੀ ਛਾਂ ਥੱਲੇ ਆਣ ਬੈਠੇ। ਉਸ ਨੇ ਗਜ਼ਲ ਦੀ ਵਿੱਦਿਆ ਨੂੰ ਐਸਾ ਅਪਨਾਇਆ ਕਿ ਉਸ ਨੂੰ ਨਵੇਂ ਆਯਾਮ ਦੇਂਦਿਆਂ ਹੋਇਆਂ, ਆਪਣੀ ਪ੍ਰਤਿਭਾ ਨਾਲ ਸਿਰਫ ਭਾਰਤ ਹੀ ਨਹੀਂ, ਅੰਤਰ ਰਾਸ਼ਟਰੀ ਪੱਧਰ ’ਤੇ ਗਜ਼ਲ ਗਾਇਕੀ ਦਾ ਝੰਡਾ ਲਹਿਰਾ ਦਿੱਤਾ ਤੇ ਜਗਜੀਤ ਦਾ ਨਾਮ ਗਜ਼ਲ ਦਾ ਮੁਜੱਸਮਾ ਬਣ ਗਿਆ।

ਪਿਤਾ ਸ: ਅਮਰ ਸਿੰਘ ਨੇ ਜਗਜੀਤ ਦਾ ਝੁਕਾਅ ਸੰਗੀਤ ਵੱਲ ਵੇਖ ਕੇ, ਉਹਨਾਂ ਨੂੰ ਪੰਡਿਤ ਛਗਨ ਲਾਲ ਸ਼ਰਮਾ ਪਾਸੋਂ ਸੰਗੀਤ ਦੀ ਮੁਢਲੀ ਤਾਲੀਮ ਸ਼ੁਰੂ ਕਰਵਾ ਦਿੱਤੀ। ਬਾਅਦ ਵਿਚ ਇਹਨਾਂ ਨੇ ਉਸਤਾਦ ਜਮਾਲ ਖਾਂ ਕੋਲੋਂ ਵੀ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। ਉਸਤਾਦ ਜਮਾਲ ਖਾਂ ਜੀ, ਸ਼ਹਿਨਸ਼ਾਹੇ ਗਜ਼ਲ ਮਹਿੰਦੀ ਹਸਨ ਖਾਂ ਦੇ ਗੁਰਭਾਈ ਸਨ ਅਤੇ ਮਹਿੰਦੀ ਹਸਨ ਵੀ ਰਾਜਸਥਾਨ ਦੇ ਪਿੰਡ ਲੂਨਾ ਦੇ ਤਹਿਸੀਲ ਝੁਨਝੁਨੂੰ ਦੇ ਰਹਿਣ ਵਾਲੇ ਸਨ। ਇਸ ਦੌਰਾਨ ਆਪ ਜੀ ਦੀ ਸਕੂਲ ਵਿੱਦਿਆ ਵੀ ਨਾਲ ਨਾਲ ਚਲਦੀ ਰਹੀ। ਆਪ ਨੇ ਡੀ. ਏ. ਵੀ. ਕਾਲਜ ਜਲੰਧਰ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ। ਉਸ ਤੋਂ ਬਾਅਦ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਤੋਂ ਇਤਿਹਾਸ ਦੇ ਵਿਸ਼ੇ ਵਿਚ ਐੱਮ. ਏ. ਦੀ ਡਿਗਰੀ ਹਾਸਿਲ ਕੀਤੀ ਅਤੇ ਛੋਟੇ ਮੋਟੇ ਪ੍ਰੋਗਰਾਮ ਵੀ ਮਿਲ ਜਾਂਦੇ ਸਨ। ਉਹ ਵੀ ਕਰਦੇ ਰਹੇ। ਸੰਗੀਤ ਦੀ ਸਾਧਨਾ ਵੀ ਜਾਰੀ ਰਹੀ। ਉਹਨਾਂ ਦਿਨਾਂ ਵਿਚ ਪੰਜਾਬ ਦੇ ਆਈ. ਜੀ. ਪੁਲਿਸ, ਸ੍ਰੀ ਅਸ਼ਵਨੀ ਕੁਮਾਰ ਸਨ, ਜੋ ਕਿ ਸੰਗੀਤ ਦੇ ਬਹੁਤ ਸ਼ੌਕੀਨ ਸਨ, ਉਹਨਾਂ ਦੇ ਮਿਲਾਪ ਦੇ ਅਸਰ ਨਾਲ, ਆਪ ਜੀ ਨੂੰ ਪੁਲੀਸ ਵਿਚ ਸਿਪਾਹੀ ਭਰਤੀ ਕਰ ਲਿਆ ਗਿਆ। ਪਰ ਸੰਗੀਤ ਕਲਾ ਤੇ ਪੁਲੀਸ ਦੀ ਨੌਕਰੀ ਕਿੱਥੇ ਮੇਚ ਆ ਸਕਦੇ ਹਨ। ਸੋ ਆਪ ਜੀ ਇਹ ਸਭ ਕੁਝ ਛੱਡ ਕੇ, ਕਲਾਕਾਰਾਂ ਦੇ ਸ਼ਹਿਰ ਮੁੰਬਈ ਆ ਗਏ। ਪਲੇ ਬੈਕ ਸਿੰਗਰ ਬਣਨ ਦਾ ਸੁਪਨਾ ਲੈ ਕੇ, ਸੰਨ 1961 ਵਿਚ ਮੁੰਬਈ ਆ ਗਏ। ਪਰ ਇਹ ਸੁਪਨਾ ਉਸ ਵੇਲੇ ਪੂਰਾ ਨਾ ਹੋਇਆ ਤਾਂ ਆਪ ਜੀ ਫਿਰ ਵਾਪਸ ਜਲੰਧਰ ਆ ਗਏ। ਸੰਨ 1965 ਵਿਚ ਇਕ ਵਾਰ ਫਿਰ ਬੰਬਈ ਗਏ, ਇਸ ਸਮੇਂ ਵੀ ਆਪ ਨੂੰ ਕਰੜਾ ਸੰਘਰਸ਼ ਕਰਨਾ ਪਿਆ। ਫੁੱਟਪਾਥ 'ਤੇ ਸੌਣਾ, ਭੁੱਖੇ ਪੇਟ ਵੀ ਰਹਿਣਾ ਪਿਆ। ਇਸੇ ਸਾਲ ਐਚ. ਐੱਮ. ਵੀ. ਕੰਪਨੀ ਨੇ ਚਾਰ ਗੀਤ ਗਜ਼ਲਾਂ ਦਾ ਇਕ ਐਲ. ਪੀ. ਰੀਕਾਰਡ ਕੀਤਾ, ਜਿਸ ਵਿਚ ਦੋ ਗਜ਼ਲਾਂ ਜਗਜੀਤ ਸਿੰਘ ਦੀਆਂ ਸਨ, ਇਸ ਰੀਕਾਰਡ ਦੀ ਫੋਟੋ ਦੇਣ ਸਮੇਂ ਹੀ ਇਹਨਾਂ ਨੇ ਆਪਣੇ ਕੇਸ ਕਟਵਾ ਦਿੱਤੇ ਸਨ। ਸੰਨ 1967 ਵਿਚ ਇਕ ਐਸਾ ਸਮਾਂ ਆਇਆ ਕਿ ਇਹਨਾਂ ਦੀ ਮੁਲਾਕਾਤ ਗਾਇਕਾ ਚਿਤਰਾ ਸਿੰਘ ਨਾਲ ਹੋ ਗਈ। ਇਹਨਾਂ ਦੀ ਕਲਾ ਨੂੰ ਇਕ ਸੁਰ ਹੋਣ ਦਾ ਮੌਕਾ ਮਿਲ ਗਿਆ। ਇਹਨਾਂ ਦੀ ਮੁਲਾਕਾਤ ਪਹਿਲੀ ਵਾਰ ਦੱਤਾ ਸਾਹਿਬ ਦੇ ਸਟੂਡੀਓ ਵਿਚ ਹੋਈ। ਆਪ ਦੱਸਦੇ ਸੀ ਕਿ ਅੱਛਾ ਗਾਉਂਦੀ ਸੀ ਅਤੇ ਮੈਨੂੰ ਸਮਝਦੀ ਸੀ ਤੇ ਸਾਡੀ ਸ਼ਾਦੀ ਹੋ ਗਈ।

ਇਕ ਵਾਰ ਕਿਸੇ ਨੇ ਜਗਜੀਤ ਸਿੰਘ ਤੋਂ ਪੁੱਛਿਆ ਕਿ ਤੁਹਾਡੀ ਨਜ਼ਰ ਵਿਚ ਗਜ਼ਲ ਦਾ ਕੀ ਦਰਜਾ ਹੈ ਅਤੇ ਗਜ਼ਲ ਦਾ ਕੀ ਭਾਵ ਹੈ ਤਾਂ ਜਗਜੀਤ ਸਿੰਘ ਨੇ ਕਿਹਾ ਕਿ ਦਰਦ ਦਾ ਫ਼ਲਸਫ਼ਾ ਅਤੇ ਸੁਰਾਂ ਦਾ ਕਾਫਿਲਾ। ਇਹਨਾਂ ਬੇ-ਸ਼ੁਮਾਰ ਕੀਮਤੀ ਮੋਤੀਆਂ ਨਾਲ ਜੜ੍ਹੀ ਸੀਨ ਜਜ਼ਬਾਤਾਂ ਦਾ ਇਜ਼ਹਾਰ ਹੈ 'ਗਜ਼ਲ'। ਇਹੀ ਕਾਰਨ ਹੈ ਕਿ ਜਗਜੀਤ ਗਜ਼ਲ ਗਾਉਂਦਾ ਹੋਇਆ ਸਹਿਜੇ ਹੀ ਆਪਣੇ ਅੰਦਰ ਜਜ਼ਬਿਆਂ ਦਾ ਪ੍ਰਗਟਾਵਾ ਬੜੇ ਹੀ ਕਲਾਮਈ ਢੰਗ ਨਾਲ ਕਰ ਜਾਦਾ ਸੀ। ਉਹ ਆਪ ਦੱਸਦਾ ਸੀ ਕਿ ਕੈਰੀਅਰ ਦੇ ਸ਼ੁਰੂ ਦੇ ਦੌਰ ਵਿਚ, ਉਹ ਲਤਾ ਜੀ ਤੇ ਹੇਮੰਤ ਕੁਮਾਰ ਅਤੇ ਤਲਤ ਮਹਿਮੂਦ ਦਾ ਦੀਵਾਨਾ ਸੀ ਅਤੇ ਫਿਰ ਮਹਿੰਦੀ ਹਸਨ ਤੋਂ ਵੀ ਬਹੁਤ ਪ੍ਰਭਾਵਿਤ ਰਿਹਾ। ਪਰ ਜਦੋਂ ਤਕ ਕਲਾਕਾਰ ਆਪਣੇ ਹੁਨਰ ਵਿਚ ਆਪਣੇ ਆਪ ਨੂੰ ਸ਼ਾਮਲ ਨਾ ਕਰੇ, ਉਦੋਂ ਤਕ ਕੋਈ ਵੀ ਮੰਜ਼ਲ ਹਾਸਲ ਨਹੀਂ ਹੁੰਦੀ। ਸੋ ਜਗਜੀਤ ਸਿੰਘ ਨੇ ਇਹ ਮੰਜ਼ਲ ਹਾਸਿਲ ਕੀਤੀ। ਕਲਾਸੀਕਲ ਦੀ ਤਾਲੀਮ ਬਹੁਤ ਕੰਮ ਆਈ, ਠੁਮਰੀ ਅਤੇ ਖਿਆਲ ਦੀ ਸੂਝ ਨੇ ਆਪ ਜੀ ਦੇ ਹੁਨਰ ਨੂੰ ਰੱਜ ਕੇ ਨਿਖਾਰਿਆ। ਜਿਸਦਾ ਨਤੀਜਾ ਇਹ ਨਿਕਲਿਆ ਕਿ ਗਜ਼ਲ ਇਕ ਨਵੀਂ ਸ਼ੈਲੀ ਲੈ ਕੇ ਪੈਦਾ ਹੋਈ। ਜਗਜੀਤ ਨੇ ਗ਼ਜ਼ਲ ਦੇ ਮਿਜ਼ਾਜ ਨੂੰ ਸਮਝ ਕੇ ਗਾਇਆ। ਜੋ ਕਿ ਪਰੰਪਰਾਗਤ ਗਜ਼ਲ ਗਾਇਕੀ ਤੋਂ ਬਹੁਤ ਫ਼ਾਸਲੇ 'ਤੇ ਸੀ। ਇਹਨਾਂ ਤੋਂ ਪਹਿਲੇ ਗਜ਼ਲ ਨੂੰ ਠੁਮਰੀ ਅੰਗ ਵਿਚ ਗਾਉਣ ਦਾ ਰਿਵਾਜ਼ ਸੀ। ਉਸਤਾਦ ਬਰਕਤ ਅਲੀ ਖਾਂ, ਫ਼ਰੀਦਾ ਖ਼ਾਨਮ ਤੇ ਮਹਿੰਦੀ ਹਸਨ, ਅਖ਼ਤਰੀ ਬਾਈ ਸਭ ਠੁਮਰੀ ਅੰਗ ਵਿਚ ਹੀ ਗਜ਼ਲ ਗਾਉਂਦੇ ਸਨ। ਲੇਕਿਨ ਜਗਜੀਤ ਸਿੰਘ ਨੇ ਪੁਰਾਣੀ ਲੀਹ ਤੋਂ ਗਜ਼ਲ ਨੂੰ ਲਾਹ ਕੇ ਨਵੀਂ ਲੀਹ ਪ੍ਰਦਾਨ ਕੀਤੀ। ਗਜ਼ਲ ਦੇ ਆਸ਼ਕਾਂ ਨੂੰ ਜਗਜੀਤ ਦਾ ਇਹ ਅੰਦਾਜ਼ ਪਸੰਦ ਆਇਆ। ਨਾ ਸਿਰਫ ਗਜ਼ਲ ਬਲਕਿ ਸੁਗਮ ਸੰਗੀਤ ਸੰਗੀਤ ਦੇ ਸਮੁੱਚੇ ਵਾਤਾਰਵਰਨ ਨੂੰ ਨਵੀਂ ਸ਼ੈਲੀ ਦੇ ਕਈ ਪੱਖਾਂ ਤੋਂ ਪ੍ਰਭਾਵਤ ਕੀਤਾ।

ਆਪਣੇ ਪੂਰੇ ਜੀਵਨ ਵਿਚ ਉਹਨਾਂ ਨੇ ਆਪਣੀ ਕਲਾ ਨਾਲ ਕੋਈ ਵੀ ਸਮਝੌਤਾ ਨਹੀਂ ਕੀਤਾ। ਪੈਸੇ ਦੀ ਖਾਤਰ ਕਲਾ ਦਾ ਬਿਜ਼ਨਸ ਨਹੀਂ ਕੀਤਾ। ਆਪ ਦੀ ਸੁਪਤਨੀ ਚਿਤਰਾ ਸਿੰਘ ਕਹਿੰਦੀ ਸੀ ਕਿ ਜਗਜੀਤ ਸਿੰਘ ਜਿਡਾ ਗਵੱਈਆ ਏ, ਉਸ ਤੋਂ ਵੱਡਾ ਉਹ ਕੰਪੋਜ਼ਰ ਵੀ ਹੈ। ਬਤੌਰ ਸੰਗੀਤਕਾਰ ਕੁਝ ਫਿਲਮਾਂ ਵੀ ਕੀਤੀਆਂ, ਭਾਵੇਂ ਵੱਡੀਆਂ ਵੱਡੀਆਂ ਪੇਸ਼ਕਸ਼ਾਂ ਆਈਆਂ, ਪਰ ਪੈਸੇ ਦੀ ਖਾਤਰ ਗਜ਼ਲ ਨੂੰ ਪਿੱਠ ਨਹੀਂ ਦਿੱਤੀ। ਇਹੀ ਵਜ੍ਹਾ ਸੀ, ਗਜ਼ਲ ਦੀ ਚੋਣ ਵੇਲੇ, ਉਹ ਬੜੀ ਬਾਰੀਕੀ ਤੋਂ ਕੰਮ ਲੈਂਦਾ ਸੀ, ਉਸ ਦੀ ਗਾਈ ਹੋਈ ਹਰ ਇਕ ਗਜ਼ਲ ਬੜੀ ਆਸਾਨੀ ਨਾਲ ਸਮਝ ਆ ਜਾਂਦੀ ਸੀ ਕਿਉਂਕਿ ਬੰਦਸ਼ ਵੀ ਸਰਲ ਹੁੰਦੀ ਸੀ ਅਤੇ ਲਫਜ਼ਾਂ ਨਾਲ ਪੂਰੀ ਢੁਕਵੀ ਸੀ। ਜਗਜੀਤ ਕਹਿੰਦਾ ਸੀ ਕਿ ਉਹਦੀ ਗਜ਼ਲ ਗਾਇਕੀ ਦਾ ਹੁਸਨ ਸਾਦਗੀ ਵਿਚ ਹੈ। ਔਖੇ ਅਤੇ ਭਾਰੇ ਲਫਜ਼ਾਂ ਤੋਂ ਉਸ ਨੂੰ ਪਰਹੇਜ਼ ਸੀ, ਇਸ ਗੱਲ ਦਾ ਸਭ ਤੋਂ ਵੱਡਾ ਉਦਾਹਰਨ ਸੀਰੀਅਲ ਮਿਰਜ਼ਾ ਗ਼ਾਲਿਬ ਹੈ ਜਿਸ

ਵਿਚ ਉਸ ਨੇ ਸਿਰਫ ਸੰਗੀਤ ਹੀ ਨਹੀਂ ਦਿੱਤਾ ਬਲਕਿ ਗ਼ਾਲਿਬ ਦੀ ਗ਼ਜ਼ਲਾਂ ਨੂੰ ਇਤਨੀ ਆਸਨੀ ਨਾਲ ਪੇਸ਼ ਕੀਤਾ ਕਿ ਉਸ ਦੀ ਸੰਗੀਤਕ ਸੂਝ ਦਾ ਅਨੁਪਮ ਨਮੂਨਾ ਹੈ। ਗ਼ਾਲਿਬ ਦੀ ਮਹਾਨ ਸ਼ਾਇਰੀ ਨੂੰ ਕਲਾਸੀਕਲ ਦੀ ਹਲਕੀ ਪੁੱਠ ਦੇ ਕੇ ਐਸੇ ਰੰਗ ਵਿਚ ਪੇਸ਼ ਕੀਤਾ ਕਿ ਸੁਣਨ ਵਾਲਾ ਨਾ ਸਿਰਫ ਆਨੰਦ ਹੀ ਮਾਣਦਾ ਹੈ ਬਲਕਿ ਗ਼ਜ਼ਲ ਦੀ ਭਾਵਨਾ ਨੂੰ ਚੰਗੀ ਤਰ੍ਹਾਂ ਸਮਝ ਜਾਂਦਾ ਹੈ (ਸਜਦਾ) ਐਲਬਮ ਦੀ ਤਿਆਰੀ ਸਮੇਂ ਲਤਾ ਮੰਗੇਸ਼ਕਰ ਇਹ ਗੱਲ ਕਹਿਣੋ ਨਾ ਰਹਿ ਸਕੀ ਕਿ ਜਗਜੀਤ ਦੇ ਗਲੇ ਮੇਂ ਸ਼ਹਿਦ ਕਾ ਦਰੀਆ ਬਹਿਤਾ ਹੈ। ਇਸ ਕੀ ਆਵਾਜ਼ ਮੇਂ ਮਿਠਾਸ ਹੈ ਔਰ ਕਸ਼ਿਸ਼ ਹੈ, ਔਰ ਵੋਹ ਸੁਣਨੇ ਵਾਲੋਂ ਪੇ ਜਾਦੂ ਸਾ ਕਰ ਦੇਤੇਂ ਹੈਂ। ਜਨਾਬ ਮਹਿੰਦੀ ਹਸਨ ਜੀ ਕਹਿੰਦੇ ਸਨ ਕਿ ਉਸਕੀ ਆਵਾਜ਼ ਕੀ ਸ਼ਕਲ ਮੇਂ ਅਹਿਸਾਸ ਦਿਲ ਕੀ ਗਹਿਰਾਈ ਤਕ ਉਤਰ ਜਾਤੇ ਹੈਂ। ਮਹਿੰਦੀ ਹਸਨ ਦੀ ਇਸ ਗੱਲ ਦਾ ਸਬੂਤ ਹੈ ਕਿ ਦੂਰਦਰਸ਼ਨ ਦੀ ਇਕ ਮਹਿਫਿਲ ਵੇਲੇ, ਨਿਦਾ ਫਾਜ਼ਲੀ ਦੀ ਇਕ ਗ਼ਜ਼ਲ (ਦਰਦ ਸੇ ਮੇਰਾ ਦਾਮਨ ਭਰ ਦੇ ਯਾ ਅੱਲਾ) ਐਸੇ ਰੰਗ ਵਿਚ ਗਾਇਆ ਕਿ ਸਰੋਤਿਆਂ ਦੀ ਅੱਖਾਂ ਹੰਝੂਆਂ ਨਾਲ ਭਰ ਆਈਆਂ। ਐਸੀ ਪੁਕਾਰ ਤੇ ਐਸੀ ਵੇਦਨਾ ਕਿ ਔਰਤਾਂ, ਦਰਦ ਨਾਲ ਹਟਕੋਰੇ ਲੈਂਦੀਆਂ ਸੁਣੀਆਂ ਗਈਆਂ। ਜਗਜੀਤ ਸਿੰਘ ਦੀ ਬੇਟੀ ਮੋਨਿਕਾ ਕਹਿੰਦੀ ਹੈ ਕਿ ਭਾਵੇਂ ਮੈਨੂੰ ਪੰਜਾਬੀ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ ਪਰ ਜਦੋਂ ਪਾਪਾ ਦੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ (ਮਾਏ ਨੀ ਮਾਏ) ਸੁਣਦੀ ਹਾਂ ਤਾਂ ਘੰਟਿਆਂ ਬੱਧੀ ਰੋਂਦੀ ਰਹਿੰਦੀ ਹਾਂ।

ਪੱਛਮੀ ਸਾਜ਼ਾਂ ਦੀ ਸੰਗਤ ਵਿਚ, ਗ਼ਜ਼ਲ ਨੂੰ ਸਜਾਉਣਾ ਸੰਵਾਰਨਾ ਇਹ ਕਮਾਲ ਜਗਜੀਤ ਸਿੰਘ ਦਾ ਹੀ ਹੈ। ਗਿਟਾਰ, , ਵਾਇਲਨ, ਸੈਕਸੋਫੋਨ, ਬੈਂਗੋ, ਸਿਨਥੇਸਾਈਜ਼ਰ ਵਰਗੇ ਪੱਛਮੀ ਸਾਜ਼ਾਂ ਤੋਂ ਇਲਾਵਾ ਸਿਤਾਰ, ਸੰਤੂਰ, ਬਾਂਸੁਰੀ ਅਤੇ ਦਿਲਰੁਰਾ ਤੇ ਇਸ਼ਰਾਜ ਭਾਰਤੀ ਸਾਜ਼ਾਂ ਨੂੰ ਗ਼ਜ਼ਲ ਦੇ ਨਿਭਾਅ ਅਤੇ ਇਸਤੇਮਾਲ ਕਰਨਾ, ਸਿਰਫ ਜਗਜੀਤ ਸਿੰਘ ਦੇ ਹਿੱਸੇ ਹੀ ਆਇਆ ਸੀ ਅਤੇ ਇਸ ਦੀ ਦੇਖਾ ਦੇਖੀ, ਗੁਲਾਮ ਅਲੀ, ਮਹਿੰਦੀ ਹਸਨ, ਫਿਦਾ ਹੁਸੈਨ, ਪਰਵੇਜ਼ ਮਹਿੰਦੀ, ਹੁਸੈਨ ਬਖਸ਼, ਤਲਤ ਅਜ਼ੀਜ਼ ਤੇ ਅਨੂਪ ਜਲੋਟਾ ਵਰਗੇ ਕਲਾਕਾਰਾਂ ਨੇ ਇਹਨਾਂ ਸਾਜ਼ਾਂ ਨੂੰ ਅਪਣਾਇਆ।

ਉਮਰ ਦੇ ਸੱਤਵੇਂ ਦਹਾਕੇ ਵਿਚ ਪਹੁੰਚਣ ਤਕ ਵੀ ਜਗਜੀਤ ਸਿੰਘ ਦੀ ਆਵਾਜ਼ ਸਦਾ ਹੀ ਜਵਾਨ ਅਤੇ ਖੂਬਸੂਰਤ ਤੇ ਸੁਰੀਲੀ ਸੀ ਅਤੇ ਪਾਕਿਸਤਾਨ ਦੇ ਲੋਕ ਉਸਦੀ ਆਵਾਜ਼ ਦੇ ਦੀਵਾਨੇ ਸਨ। ਉਹਦੀ ਇਕ ਝਲਕ ਪਾਉਣ ਲਈ ਬੇਤਾਬ ਰਹਿੰਦੇ ਸਨ। ਪਾਕਿਸਤਾਨ ਵਿਚ ਉਸ ਦੇ ਪ੍ਰਸ਼ੰਸਕਾਂ ਦੀ ਗਿਣਤੀ ਹਜ਼ਾਰਾਂ ਵਿਚ ਨਹੀਂ ਬਲਕਿ ਲੱਖਾਂ ਵਿਚ ਸੀ ਅਤੇ ਹੈ। ਵੱਡੇ ਵੱਡੇ ਹੋਟਲਾਂ ਤੇ ਰੇਸਤਰਾ ਤੋਂ ਲੈ ਕੇ ਪਨਵਾੜੀਆਂ ਦੇ ਖੋਖਿਆਂ ਵਿਚ ਜਗਜੀਤ ਸਿੰਘ ਦੀ ਆ੍ਵਾਜ਼ ਹੀ ਗੂੰਜਦੀ ਸੀ।

ਪਾਠਕਾਂ ਦੀ ਜਾਣਕਾਰੀ ਲਈ ਕੁਝ ਗਜ਼ਲਾਂ ਦੀ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ (ਮੇਰੀ ਤਨਹਾਈਓ, ਤੁਮ ਹੀ ਲਗਾ ਲੋ ਮੁਝ ਕੋ ਸੀਨੇ ਸੇ) ਰਾਗ ਭੈਰਵੀ ਵਿਚ ਅਤੇ ਰਾਗ ਭਟਿਹਾਰ ਵਿਚ ਵੈਰਾਗ ਮਈ ਸੁਰਾਂ ਵਿਚ (ਅਬ ਖੁਸ਼ੀ ਹੈ ਨਾ ਕੋਈ ਦਰਦ ਰੁਲਾਨੇ ਵਾਲਾ) ਅਤੇ ਆਪਨੀ ਆਖੋਂ ਕੇ ਸਮੁੰਦਰ ਮੇ, ਬਾਤ ਸਾਕੀ ਕੀ ਨਾ ਟਾਲੀ ਜਾਏਗੀ, ਦਰਦ ਏ ਦਿਲ ਮੇਂ ਕਮੀ ਨਾ ਹੋ ਜਾਏ) ਖਾਮੋਸ਼ੀ ਖੁਦ ਅਪਨੀ ਸਦਾ ਹੋ, ਜੀਤੇ ਰਹਿਨੇ ਕੀ ਸਜ਼ਾ ਦੇ, ਕਹੀ ਐਸਾ ਨਾਂ ਦਾਮਨ ਜਲਾ ਲੋ, ਲੋਗ ਹਰ ਮੋੜ ਪਰ ਰੁਕ ਰੁਕ ਕੇ ਸੰਭਲਤੇ ਕਿਉਂ ਹੈ, ਪੱਥਰ ਕੇ ਖੁਦਾ ਪੱਥਰ ਕੇ ਸਨਮ, ਪਿਆਰ ਕਾ ਪਹਿਲਾ ਖਤ ਲਿਖਨੇ ਮੇਂ, ਉਸ ਕੀ ਹਸਰਤ ਹੈ, ਜਿਸੇ ਦਿਲ ਸੇ ਮਿਟਾ ਭੀ ਨਾ ਸਕੂ, ਸੋਚ ਸਮਝ ਵਾਲੀ ਦੁਨੀਆਂ ਕੇ ਨਾਦਾਨੀ ਦੇ ਮਉਲਾ) ਵਰਗੀਆਂ ਅਨੇਕਾਂ ਹੀ ਗ਼ਜ਼ਲਾਂ ਹਨ।

ਸੰਸਾਰੀ ਮਾਣ ਸਨਮਾਨ ਉਸ ਲਈ ਕੋਈ ਵੱਡੀ ਅਹਿਮੀਅਤ ਨਹੀਂ ਰੱਖਦੇ ਸਨ। ਫਿਰ ਵੀ ਸੰਨ 2003 ਵਿਚ ਸੰਗੀਤ ਪ੍ਰਤੀ ਜਗਜੀਤ ਸਿੰਘ ਦੀ ਖਿਦਮਤ ਨੂੰ ਮੁੱਖ ਰੱਖ ਕੇ ਭਾਰਤ ਸਰਕਾਰ ਵੱਲੋਂ (ਪਦਮ ਭੂਸ਼ਨ) ਦੀ ਉਪਾਧੀ ਨਾਲ ਸਨਮਾਨਿਆ ਗਿਆ ਅਤੇ ਸੰਨ 2006 ਵਿਚ ਟੀਚਰ ਅਚੀਵਮੈਂਟ ਐਵਾਰਡ ਅਤੇ ਸੰਨ 2007 ਵਿਚ ਗ਼ਜ਼ਲਾਂ ਦਾ ਬਾਦਸ਼ਾਹ ਵਰਗੇ ਅਨੇਕਾਂ ਐਵਾਰਡ ਉਸ ਦੀ ਝੋਲੀ ਵਿਚ ਪੈ ਚੁੱਕੇ ਸਨ।

ਜਗਜੀਤ ਸਿੰਘ ਇਕ ਐਸਾ ਕਲਾਕਾਰ ਸੀ ਜੋ ਸਿਰਫ ਆਪਣੇ ਲਈ ਨਹੀਂ ਜੀਵਿਆ। ਹਾਲਾਤ ਭਾਵੇਂ ਕਿਹੋ ਜਿਹੇ ਵੀ ਹੋਣ, ਪਰ ਅਨੇਕਾਂ ਸੰਸਥਾਵਾਂ ਲਈ ਅਤੇ ਦੀਨ ਦੁਖੀਆਂ ਦੇ ਭਲੇ ਲਈ, ਅਨੇਕਾਂ ਹੀ ਪ੍ਰੋਗਰਾਮ ਫਰੀ ਕੀਤੇ। ਕਈ ਚੈਰਿਟੀ ਪ੍ਰੋਗਰਾਮ ਕਰ ਕੇ, ਰਕਮ ਇਕੱਠੀ ਕਰਕੇ, ਕਦੇ ਭੂਚਲਾ ਪੀੜਤਾਂ ਕਦੇ ਦੰਗਾ ਪੀੜਤਾਂ ਤੇ ਕਦੇ ਯਤੀਮਖਾਨਿਆਂ ਦੇ ਖਾਤੇ ਪਾ ਦਿੱਤੀ। ਮਨੁੱਖਦਾ ਦੀ ਸੇਵਾ, ਉਸ ਦੇ ਜੀਵਨ ਦਾ ਆਦਰਸ਼ ਸੀ।

ਏਥੇ ਹੀ ਬਸ ਨਹੀਂ, ਬਾਲਵੁੱਡ ਫਿਲਮ ਇੰਡਸਟਰੀ ਨੂੰ ਕਈ ਸੁਰੀਲੇ ਗਾਇਕ ਕਲਾਕਾਰ ਜਗਜੀਤ ਦੀ ਦੇਣ ਹਨ, ਜਿਹਨਾਂ ਵਿਚੋਂ ਕੁਮਾਰ ਸਾਨੂੰ, ਜੈਸਾ ਮਹਾਨ ਸਿੰਗਰ ਅਤੇ ਘਨਸ਼ਿਆਮ ਵਾਸਵਾਨੀ, ਤਲਤ ਅਜ਼ੀਜ਼, ਆਸ਼ੋਕ ਖੋਸਲਾ, ਅਭਿਜੀਤ ਭੱਟਾਚਾਰੀਆ ਤੇ ਵਿਨੋਦ ਸਹਿਗਲ, ਇਹ ਸਭ ਪ੍ਰਤਿਭਾਵਾਂ ਜਗਜੀਤ ਦੀ ਦੇਣ ਹਨ

ਜਗਜੀਤ ਸਿੰਘ ਨੇ ਸੰਨ 1981 ਵਿਚ ਸੁਦੇਸ਼ ਈਸ਼ਰ ਦੇ ਨਿਰਦੇਸ਼ਨ ਵਿਚ, ਫਿਲਮ 'ਪ੍ਰੇਮਗੀਤ' ਦਾ ਸੰਗੀਤ ਤਿਆਰ ਕੀਤਾ। ਇਸ ਫਿਲਮ ਵਿਚ (ਹੋਂਠੋਂ ਸੇ ਛੂ ਕਰ ਤੁਮ, ਮੇਰਾ ਗੀਤ ਅਮਰ ਕਰ ਦੋ) ਗੀਤ ਗਾ ਕੇ ਫ਼ਿਲਮ ਇੰਡਸਟਰੀ ਵਿਚ ਦਸਤਕ ਦਿੱਤੀ, ਇਸ ਤੋਂ ਬਾਅਦ 1982 ਵਿਚ 'ਅਰਥ' ਫਿਲਮ ਲਈ 'ਝੁਕੀ ਝੁਕੀ ਸੀ ਨਜ਼ਰ' ਰਾਗ ਜੈ ਜੈ ਵੰਤੀ ਵਿਚ ਗਾ ਕੇ ਬਿਹਤਰੀਨ ਗ਼ਜ਼ਲ ਦਿੱਤੀ ਅਤੇ ਤੁਮ ਇਤਨਾ ਜੋ ਮੁਸਕਰਾ ਰਹੇ ਹੋ, ਤੇਰੇ ਖੁਸ਼ਬੂ ਮੇਂ ਭਰੇ ਖਤ ਮੇਂ ਜਲਾਤਾ ਕੈਸੇ, ਗੀਤ ਸੁਰਬਧ ਕੀਤੇ। ਬਤੌਰ ਸੰਗੀਤਕਾਰ, ਇਹਨਾਂ ਨੇ (ਤੁਮ ਲੌਟ ਆਉ-1983, ਰਾਵਣ-1984) ਫਿਰ ਆਈ ਬਰਸਾਤ-1985) ਅਤੇ ਲੌਂਗ ਦਾ ਲਿਸ਼ਕਾਰਾ (ਪੰਜਾਬੀ-1986) ਅਤੇ ਬਿਲੂ ਬਾਦਸ਼ਾਹ (1985) ਆਦਿ ਫਿਲਮਾਂ ਦਾ ਸੰਗੀਤ ਤਿਆਰ ਕੀਤਾ। ਜਦੋਂ ਇਹਨਾਂ ਨੇ ਆਪਣੀ ਆਵਾਜ਼ ਵਿਚ, ਓ ਮਾਂ ਤੁਝੇ ਸਲਾਮ, ਫਿਲਮ ਖਲਨਾਇਕ-1993), ਚਿੱਠੀ ਨਾ ਕੋਈ ਸੰਦੇਸ਼-ਦੁਸ਼ਮਨ 1998, ਹੋਸ਼ ਵਾਲੋ ਕੋ ਖਬਰ ਕਿਆ, ਸਰਫਰੋਸ਼-1999 ਅਤੇ ਕੋਈ ਫ਼ਰਿਆਦ-ਤੁਮ ਬਿਨ: 2001) ਵਰਗੇ ਗ਼ਜ਼ਲਨੁਮਾ ਗੀਤ ਗਾਏ, ਤਾਂ ਸਾਰੀ ਦੁਨੀਆਂ ਝੂਠ ਉੱਠੀ।

ਗ਼ਜ਼ਲ ਐਲਬਮਾਂ ਦੀ ਗੱਲ ਕਰੀਏ ਤਾਂ ਸੋਜ਼-2002, ਮੁਨਤਜ਼ਿਰ-2004, ਤੁਮ ਤੋ ਨਹੀਂ ਹੋ-2005, ਜਜ਼ਬਾਤ-2008, ਆਈਨਾ-2009 ਅਤੇ ਧਾਰਮਿਕ ਐਲਬਮ-ਸਤਿਨਾਮ ਸ੍ਰੀ ਵਾਹਿਗੁਰੂ-1998, ਬਾਬਾ ਸ਼ੇਖ ਫਰੀਦ-2006, ਕਬੀਰ ਜੀ-2007 ਅਤੇ ਗੁਰੂ ਮਾਨਿਓ ਗ੍ਰੰਥ ਵੱਖ ਵੱਖ ਗਾਇਕਾਂ ਨਾਲ-2002 ਆਦਿ ਨਾਯਾਬ ਤੇ ਅਨਮੋਲ ਕ੍ਰਿਤਾਂ ਸੰਗੀਤ ਜਗਤ ਨੂੰ ਦਿੱਤੀਆਂ।

ਜਗਜੀਤ ਸਿੰਘ ਵਰਗੇ ਕਲਾਕਾਰ ਦੇ ਲਿਖਣ ਵਾਸਤੇ ਸਮੇਂ ਅਤੇ ਸਥਾਨ ਦੀ ਬਹੁਤ ਜ਼ਰੂਰਤ ਹੈ, ਜੋ ਸਾਡੇ ਪਾਸ ਹੈ ਹੀ ਨਹੀਂ। ਸੋ ਮੈਂ ਆਪਣੇ ਵੱਲੋਂ ਸੱਚੀ ਸ਼ਰਧਾਂਜਲੀ ਅਰਪਤ ਕਰਦਾ ਹਾਂ, ਕੁਦਰਤੀ ਉਸ ਅਭਾਗੇ ਦਿਨ ਅਸੀ ਵੀ ਮੁੰਬਈ ਸਾਂ, ਅਸੀਂ ਉਹਨੀਂ ਦਿਨੀ ਸਤੰਬਰ ਅਤੇ ਅਕਤੂਬਰ 2011 ਨੂੰ ਗੁਰਦੁਆਰਾ ਦਸਮੇਸ਼ ਦਰਬਾਰ, ਗੁਰੂ ਤੇਗ ਬਹਾਦਰ ਨਗਰ ਦੋ ਮਹੀਨਿਆਂ ਲਈ ਕੀਰਤਨ ਦੀ ਸੇਵਾ ਲਈ ਗਏ ਹੋਏ ਸਾਂ। ਜਦੋਂ ਕਿ 10 ਅਕਤੂਬਰ 2011 ਨੂੰ ਆਪ ਜੀ ਹਸਪਤਾਲ ਵਿਚ ਸਵਰਗ ਸਿਧਾਰ ਗਏ। ਐਸੇ ਮਹਾਨ ਸੁਰੀਲੇ ਕਲਾਕਾਰ ਨੂੰ ਮੈਂ ਬਾਰ ਬਾਰ ਨਮਸਕਾਰ ਕਰਦਾ ਹਾਂ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-141008



# ਸੁਰਾਂ ਦੀ ਮਲਿਕਾ ਸ਼ਮਸ਼ਾਦ ਬੇਗ਼ਮ

ਅਮਰਿੰਦਰ ਸਿੰਘ

ਸ਼ਮਸ਼ਾਦ ਬੇਗ਼ਮ, ਹਿੰਦੀ ਫ਼ਿਲਮ ਸੰਗੀਤ ਵਿਚ ਇਕ ਐਸਾ ਨਾਂ ਹੈ ਜਿਸ ਨੇ ਨੂਰਜਹਾਂ, ਜ਼ੀਨਤ ਬੇਗ਼ਮ, ਰਾਜਕੁਮਾਰੀ, ਸੁਰਈਆ, ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਵਰਗੀਆਂ ਗਾਇਕਾਵਾਂ ਵਿਚ ਆਪਣੀ ਇਕ ਨਿਵੇਕਲੀ ਅਤੇ ਸਥਾਪਿਤ ਗਾਇਨ-ਸ਼ੈਲੀ ਵਿਕਸਿਤ ਕੀਤੀ ਹੈ। ਜਿਸ ਸਮੇਂ ਸ਼ਮਸ਼ਾਦ ਬੇਗ਼ਮ ਨੇ ਹਿੰਦੀ ਫ਼ਿਲਮ ਸੰਗੀਤ ਵਿਚ ਕਦਮ ਧਰਿਆ ਉਦੋਂ ਤੱਕ ਜ਼ਿਆਦਤਰ ਅਦਾਕਾਰਾਂ (ਫਵਗਕਤਤ ) ਆਪਣੇ ਗੀਤ ਆਪ ਹੀ ਗਾਉਂਦੀਆ ਸਨ। ਦੇਖਿਆ ਜਾਏ ਤਾਂ ਸ਼ਮਸ਼ਾਦ ਬੇਗ਼ਮ ਅਜਿਹੀ ਪਹਿਲੀ ਗਾਇਕਾ ਸੀ ਜਿਸ ਨੇ ਉਸ ਸਮੇਂ ਪਿਠਵਰਤੀ ਗਾਇਨ (ਫੀਮੇਲ) ਨੂੰ ਸਹੀ ਅਰਥਾਂ ਵਿਚ ਸਥਾਪਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ।

ਬੁਲੰਦ ਅਵਾਜ਼ ਦੀ ਮਾਲਕਣ ਸ਼ਮਸ਼ਾਦ ਬੇਗ਼ਮ ਦਾ ਜਨਮ 14 ਅਪ੍ਰੈਲ, 1919 ਨੂੰ ਲਾਹੌਰ ਵਿਖੇ ਹੋਇਆ। ਸ਼ਮਸ਼ਾਦ ਨੂੰ ਬਚਪਨ ਤੋਂ ਹੀ ਗਾਉਂਣ ਦੀ ਚੇਟਕ ਸੀ। ਉਹ ਬਚਪਨ ਵਿਚ ਗ੍ਰਾਮੋਫੋਨ ਨੇੜੇ ਬੈਠ ਕੇ ਗੀਤ ਸੁਣਦੀ ਅਤੇ ਗਾਉਂਦੀ ਰਹਿੰਦੀ ਸੀ। ਮਸ਼ਹੂਰ ਸੰਗੀਤਕਾਰ ਮਾਸਟਰ ਗ਼ੁਲਾਮ ਹੈਦਰ ਨਾਲ ਇਹਨਾਂ ਦੇ ਪਰਿਵਾਰਕ ਸੰਬੰਧ ਸਨ। ਜਦੋਂ ਮਾਸਟਰ ਜੀ ਨੇ ਸ਼ਮਸ਼ਾਦ ਬੇਗ਼ਮ ਨੂੰ ਸੁਣਿਆ ਤਾਂ ਉਹ ਸ਼ਮਸ਼ਾਦ ਦੇ ਗਾਇਨ ਤੋਂ ਬੇਹੱਦ ਪ੍ਰਭਾਵਿਤ ਹੋਏ। ਮਾਸਟਰ ਗ਼ੁਲਾਮ ਹੈਦਰ ਨੇ ਸ਼ਮਸ਼ਾਦ ਦਾ ਸਭ ਤੋ ਪਹਿਲਾ ਰਿਕਾਰਡ ਜੀਨੋਫੋਨ ਕੰਪਨੀ ਵੱਲੋਂ ਪੰਜਾਬੀ ਟੱਪੇ ਹੱਥ ਜੋੜਾ ਪੱਖੀਆਂ ਦਾ, ਕਸਮ ਖੁਦਾ ਦੀ ਚੰਨ ਮਾਹੀਆ ਚਾਨਣ ਅੱਖੀਆਂ ਦੋ ਤਿਆਰ ਕੀਤਾ। ਇਸ ਤੋਂ ਬਆਦ ਸ਼ਮਸ਼ਾਦ ਬੇਗ਼ਮ ਨੇ 200 ਦੇ ਲਗਭਗ ਗੀਤ ਗਾਏ ਜੋ ਆਲ ਇੰਡੀਆ ਰੇਡਿਓ ਤੋਂ ਪ੍ਰਸਾਰਿਤ ਕੀਤੇ ਜਾਂਦੇ ਸਨ।

ਸ਼ਮਸ਼ਾਦ ਬੇਗ਼ਮ ਨੇ ਪੰਚੋਲੀ ਆਰਟ ਦੀ ਪੰਜਾਬੀ ਫ਼ਿਲਮ ਯਮਲਾ ਜੱਟ (1940) ਵਿਚ ਪਿਠਵਰਤੀ ਗਾਇਨ ਨਾਲ ਆਪਣਾ ਫ਼ਿਲਮੀ ਕਰੀਅਰ ਸ਼ੁਰੂ ਕੀਤਾ। ਇਸ ਤੋਂ ਬਾਅਦ ਸ਼ਮਸ਼ਾਦ ਬੇਗ਼ਮ ਨੇ ਪੰਜਾਬੀ ਫ਼ਿਲਮਾਂ ਵਿਚ ਮੈਂ ਜੱਟੀ ਪੰਜਾਬ ਦੀ ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ, ਮੇਰੀ ਲਗਦੀ ਕਿਸੇ ਨੇ ਨਾ ਵੇਖੀ ਕਿ ਟੁੱਟਦੀ ਨੂੰ ਜੱਗ ਜਾਣਦਾ ਅਤੇ ਬੱਲੇ ਬੱਲੇ ਅਜੇ ਤੇਰੇ ਬੰਦ ਨਾ ਬਣੇ ਮੁੰਡੇ ਮਰ ਗਏ ਕਮਾਈਆਂ ਕਰਦੇ ਆਦਿ ਸੁਪਰਹਿੱਟ ਗੀਤ ਗਾਏ। ਹਿੰਦੀ ਫ਼ਿਲਮਾਂ ਦੀ ਗੱਲ ਕਰੀਏ ਤਾਂ 1941 ਵਿਚ ਬਣੀ ਖ਼ਜਾਨਚੀ ਫ਼ਿਲਮ ਵਿਚ ਸ਼ਮਸ਼ਾਦ ਬੇਗ਼ਮ ਨੇ ਪਹਿਲੀ ਵਾਰ ਪਿਠਵਰਤੀ ਗਾਇਨ ਦਿੱਤਾ। ਇਸ ਫ਼ਿਲਮ ਦਾ ਸੰਗੀਤ ਮਾਸਟਰ ਗ਼ੁਲਾਮ ਹੈਦਰ ਨੇ ਤਿਆਰ ਕੀਤਾ ਸੀ। ਇਸ ਫ਼ਿਲਮ ਵਿਚ 9 ਗੀਤ ਸਨ ਜੋ ਸ਼ਮਸ਼ਾਦ ਬੇਗ਼ਮ ਨੇ ਹੀ ਗਾਏ ਸਨ। ਇਹਨਾਂ ਗੀਤਾਂ ਵਿਚੋਂ ਏਕ ਕਲੀ ਨਾਜ਼ੋਂ ਸੇ ਪਲੀ, ਮਨ ਧੀਰੇ ਧੀਰੇ ਰੋਨਾ, ਦੀਵਾਲੀ ਫਿਰ ਆ ਗਈ ਸਜਨੀ ਅਤੇ ਸਾਵਨ ਕੇ ਨਜ਼ਾਰੇ ਹੈ ਗੀਤ ਆਮ ਲੋਕਾ ਦੀ ਜ਼ੁਬਾਨ ਤੇ ਸਨ। ਇਹਨਾਂ ਗੀਤਾਂ ਦੀ ਮਕਬੂਲੀਅਤ ਨੇ ਸ਼ਮਸ਼ਾਦ ਬੇਗ਼ਮ ਨੂੰ ਰਾਤੋ-ਰਾਤ ਕਾਮਯਾਬ ਗਾਇਕਾਵਾਂ ਵਿਚ ਖੜ੍ਹੀ ਕਰ ਦਿੱਤਾ। ਇਸ ਕਾਮਯਾਬੀ ਤੋਂ ਬਾਅਦ ਸ਼ਮਸ਼ਾਦ ਨੇ ਜ਼ਮੀਦਾਰ (1942), ਸ਼ੀਰੀ ਫਰਹਾਦ (1945), ਸ਼ਮਾਂ (1948) ਪਤੰਗਾ (1949) ਬਾਬੁਲ (1950) ਅਤੇ ਬਹਾਰ (1951) ਆਦਿ ਫ਼ਿਲਮਾਂ ਵਿਚ ਹਿੱਟ ਗੀਤ ਦਿੱਤੇ। 40 ਦੇ ਦਹਾਕੇ ਵਿਚ ਸ਼ਮਸ਼ਾਦ ਬੇਗ਼ਮ ਆਪਣੇ ਸ਼ਿਖਰਾਂ ਤੇ ਸੀ। ਸ਼ਮਸ਼ਾਦ ਉਸ ਸਮੇਂ ਇਕ ਗੀਤ ਲਈ ਲਤਾ ਮੰਗੇਸ਼ਕਰ ਨਾਲੋਂ ਜ਼ਿਆਦਾ ਮਿਹਨਤਾਨਾ ਲੈਂਦੀ ਸੀ।

ਸ਼ਮਸ਼ਾਦ ਬੇਗ਼ਮ ਦੇ ਹਿੰਦੀ ਫ਼ਿਲਮੀ ਗੀਤਾਂ ਵਿਚੋਂ ਹੋਲੀ ਆਈ ਰੇ ਕਨ੍ਹਈਆ, ਕਾਹੇ ਕੋਇਲ ਸ਼ੋਰ ਮਚਾਏ ਕਭੀ ਆਰ ਕਭੀ ਪਾਰੋ, ਬੂਝ ਮੇਰਾ ਕਿਆ ਨਾਮ ਰੇ, ਕਹੀਂ ਪੇ ਨਿਗਾਹੇ ਕਹੀਂ ਪੇ ਨਿਸ਼ਾਨਾਂ, ਲੇ ਕੇ ਪਹਿਲਾ ਪਹਿਲਾ ਪਿਆਰ ਅਤੇ ਰੇਸ਼ਮੀ ਸਲਵਾਰ ਕੁੜਤਾ ਜਾਲੀ ਕਾ ਆਦਿ ਐਸੇ ਗੀਤ ਹਨ ਜੋ ਅੱਜ ਵੀ ਸਾਡੀ ਜ਼ੁਬਾਨ ਤੇ ਹਨ। ਸ਼ਮਸ਼ਾਦ ਨੇ ਆਪਣੇ ਦੌਰ ਦੇ ਸੰਗੀਤਕਾਰਾਂ ਵਿਚੋਂ ਮਾਸਟਰ ਗ਼ੁਲਾਮ ਹੈਦਰ, ਸ਼ਿਆਮ ਸੁੰਦਰ, ਹੁਸਨਲਾਲ-ਭਗਤਰਾਮ, ਨੌਸ਼ਾਦ, ਸੀ. ਰਾਮਚੰਦਰਾ, ਮਦਨ ਮੋਹਨ, ਰਵੀ, ਅਨਿਲ ਬਿਸਵਾਸ, ਐਸ.ਡੀ. ਬਰਮਨ, ਅਤੇ ਰੌਸ਼ਨ ਆਦਿ ਦੀਆਂ ਧੁਨਾਂ ਨੂੰ ਅਵਾਜ਼ ਦਿੱਤੀ ਹੈ। 1972 ਵਿਚ ਬਣੀ ਫ਼ਿਲਮ ਬਾਂਕੇਲਾਲ ਦਾ ਹਮ ਕਿਸ ਸੇ ਕਹੇ ਕਿਆ ਸ਼ਿਕਵਾ ਕਰੇਂ (ਆਸ਼ਾ ਭੌਸਲੇ ਦੇ ਨਾਲ) ਸ਼ਮਸ਼ਾਦ ਦਾ ਆਖਰੀ ਗੀਤ ਸੀ। ਇਸ ਤੋਂ ਬਾਅਦ ਸ਼ਮਸ਼ਾਦ ਬੇਗ਼ਮ ਨੇ ਹਿੰਦੀ ਸਿਨੇਮਾਂ ਤੋਂ ਸੰਨਿਆਸ ਲੈ ਲਿਆ ਸੀ। ਸ਼ਮਸ਼ਾਦ ਦੀ ਹਿੰਦੀ ਫ਼ਿਲਮ ਸੰਗੀਤ ਨੂੰ ਦਿੱਤੀ ਦੇਣ ਬਦਲੇ 2009 ਵਿਚ ਦਾਦਾ ਸਾਹਿਬ ਫਾਲਕੇ, ਅਤੇ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। ਸ਼ਮਸ਼ਾਦ ਬੇਗ਼ਮ ਦੀ ਅਵਾਜ਼ ਵਿਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਸੀ। ਇਸ ਤੋਂ ਇਲਾਵਾ ਪਾਰੇ ਵਰਗੀ ਤਰਲਤਾ, ਤਾਜ਼ਗੀ ਅਤੇ ਖਣਕ ਆਦਿ ਗੁਣ ਵੀ ਇਹਨਾਂ ਦੀ ਅਵਾਜ਼ ਵਿਚ ਦ੍ਰਿਸ਼ਟੀਗੋਚਰ ਸਨ। ਭਾਵੇਂ ਸ਼ਮਸ਼ਾਦ ਬੇਗ਼ਮ ਅੱਜ ਸਾਡੇ ਦਰਮਿਆਨ ਨਹੀਂ ਰਹੇ ਪਰ ਇਹ ਆਪਣੀਆਂ ਸੁਹਜ ਭਰਭੂਰ ਕ੍ਰਿਤੀਆਂ ਨਾਲ ਸਦਾ ਸਾਡੇ ਦਿਲ ਵਿਚ ਰਹਿਣਗੇ।

ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ। ਈਮੇਲ : amrinder.gs@gmail.com
ਮੋਬਾਈਲ : 08146564583

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## POSITIVE THINKING

- True guidance is like a small lamp in a dark forest. It does not show everything at once but gives enough light for the next step.
- Telant will take you to high position in your career. But behaviour will help to maintain the high position in others hearts.
- God is not the only sole Author of our destiny. We are also the co-authors of our destiny. If we do the best, He will do the rest.
- A bird sitting on a tree is never afraid of breaking of the branch because her trust is not on the branch but on her own wings. Believe in yourself.

***With best Compliments from a Well Wisher***

# शास्त्रीय संगीत तथा गुरमति संगीत की गायन शैलियाँ

## सामंत कौर

शास्त्रीय नियमों से परिष्कृत कीर्तन की गायन शैलियों की शास्त्रीय अंग की गायन शैलियाँ कहा जाता है। इन गायन शैलियों में ''अंग'' रूप में अपना कर इनसे सम्बंधित काव्य रूप बाणी को गुरमति संगीत में इस प्रकार प्रयोग किया गया प्रबन्ध अंग से अष्टपदी, ध्रुपद से पद गायन प्राचीन पंचतालेश्वर से पड़ताल गायन शैली इन गायन शैलियों का वर्णन इस प्रकार है।

अष्टपदी : अष्टपदी गायन शैली का प्रादुर्भाव प्रबन्ध शैली से हुआ है। मध्यकाल में प्रबन्ध के रूप में जयदेव की अष्टपदियाँ आती हैं। उनके द्वारा रचित गीत गोबिन्द नामक राधा-कृष्ण संबंधी ग्रन्थ प्रबन्ध शैली पर आधारित है।

आठ पदों की रचना अष्टपदी कहलाती है। इसमें आठ छंद एक प्रबन्ध में लिखे जाते हैं। यह बात विचारणीय है।

श्री गुरु ग्रंथ साहिब में गुरु नानक देव, गुरु अमरदास गुरु रामदास, गुरु अर्जुन देव ने अपने वाणी के लिए अष्टपदी का प्रयोग किया। श्री गुरु नानक देव जी द्वारा रचित एक अष्टपदी का सांगीतिक विश्लेषण निम्नलिखित अनुसार है। उदाहरणतयः

सिरी राग महला-१

आपे गुण आपे कथै-आपै सुणि वीचारु।। आपे रतनु परखि तू आपे मोलु अपारु।।

साचऊ मानु महतु तू आपे देवणहारु।। हरि जीऊ तू करता करतारु।।

उपरोक्त अष्टपदी सिरी राग के अन्तर्गत है। गुरमति संगीत (गुरूवाणी) में सभी अष्टपदीयों के पदों के अंत में अंक दर्शाए गए हैं।

अष्टपदी में पहली दो पंक्तियों के पश्चात् ''१'' अंक लिखा मिलता है उपग्रह धातू है।

भाई काहन सिंह नाभा के अनुसार यह छंद की जाति नहीं है। किसी प्रबन्ध में आठ छंद इकट्ठे होने पर उसकी संज्ञा ''अष्टपदी'' है।

गुरु ग्रंथ साहिब में अलग-अलग छंदों में अष्टपदीया अंकित हैं जैसे- राग गाउड़ी अधीन 'सुखमनी' बाणी की रचना चौपाई छंद में है। तथा राग मल्हार में अंकित अष्टपदी सार छंद में है। राग मारु की अष्टपदी निशानी छंद में है।

पदे : पदे काव्य का प्राचीन प्रचलित रूप है। संगीत में इसके गायन की अपनी परम्परा है। इसके अतिरिक्त भिन्न-भिन्न चरण या भाग को भी साहित्य में 'पदे' कहा जाता है। 'पद' को राग पद, राग प्रकाशक और स्वर शब्द भी कहा जाता है।

श्री गुरु ग्रंथ साहिब समस्त गुरु साहिबानों और संतों, भगतों ने 'पद गायन' शैली का प्रयोग अपनी वाणी में किया। भाई काहन सिंह के अनुसार वह छंद जी काव्य, वर्ण, गण और मांग के नियमों में हो उसे पद कहा जाता है। जैसे गुरु

अर्जुन देव द्वारा लिखित एक शब्द माझ महला ५ चऊपदे घरू। शीर्षक रूप गुरु ग्रंथ साहिब में अंकित है।

मेरा मनु लौचै गुरु दरसन ताई।। बिलय करे चात्रिक की निआई।।

उपरोक्त शब्द चार पदों में हैं। इसी प्रकार पचपदे, छिपदे की रचनाएँ श्री गुरु ग्रंथ साहिब में अंकित हैं। पद गायन शैली को गुरमति संगीत की प्रधान शैली कहा गया है।

The Shabad composed in "dhruppad" dhmar or Khyal style are know as Shabad Reet" These "Shabad reet" are th teasurer of the sikh devotional music and are among the most finished musical styles.

These "Shabad reets" are also known by the Ragis as the 'Taksali Reets' a traditional composition whose training in imported by a teacher to his pupil.

होली : गुरमति संगीत में ''होली से संबंधित शब्दों को धमार शैली से गायन करने की परम्परा है। होली की इसी लिए ''धमार शैली'' कहा जाता है। क्योंकि इसका गायन धमार ताल में किया जाता है तथा होली इसलिए कहा जाता है कि 'होली' के प्रकरण को गुरुबाणी द्वारा वर्णित किया जाता है। इसके दो भाग स्थाई, अंतरा होते हैं। जिन्हें विभिन्न तयकारी तानों से सजाया जाता है। गुरबाणी संगीत में होली के शब्दों को गुरबाणी संगीत प्रबन्ध अनुसार धमार अंग से गाया जाता है। उदाहरणः

बसंत महला ५ घरु दुतुके, गुरु सेवऊ करि नमसकार।।

आज हमारै मंगलचार।। होली कीनी संत सेव।।

रंगु लागा अति लाल देव।।

पड़ताल : गुरमति संगीत में जहाँ होली, अष्टपदी, पदे आदि सांगतिक गायन शैलियाँ सुनने को मिलती हैं वही पड़ताल भी एक गायन शैली के रूप में देखने सुनने को मिलती है। इस गायन शैली का गायन केवल सिख संगीत में ही सुनने को मिलता है। विद्वानों के अनुसार- मध्य काल में पयतालेखर नामक एक काव्य तथा गायन शैली का संयुक्त रूप प्रचलित था, परन्तु कमिन समय में भारतीय संगीत में इस गायकी सम्बंधी कोई मान्य सामने नहीं आता।

सूही महला ५ घरू ५ पड़ताल

प्रीति प्रीति गुरीआ मोहन लालना।।

जप मन ऐकै अवर नाहि की लेखै।।

संत लागु मनहि छाडु दुबिधा की कुरीआ।। रहाऊ।।

गुरमति संगीत कोई अलग संगीत पद्धति नहीं है। और न ही तुलना किसी दूसरी संगीत पद्धति से की जा सकती है। गुरमति संगीत के रागों तथा गायन विधाओं को संगीत परम्परा के अन्तर्गत माना इसकी विशेषता को संकुचित करना है।

पड़ताल का अर्थ है ताल बदल-२ कर गाना अर्थात् वह गायन शैली जिसके शब्द (वदिश) वही रहता है, परन्तु ताल बदल जाती है जैसे यदि स्थाई तीन ताल में गाई जा रही है तो अंतरा किसी और ताल में गाया जाएगा।

उपरोक्त गायन शैलियों के वर्णन से ज्ञात होता है कि यह गायन शेलियाँ न केवल गुरमति संगीत बल्कि भारतीय संगीत का भी अभिन्न अंग है, जो प्राचीन काल का प्रचलित गायन शैलियाँ थी, परन्तु वर्तमान समय यह गायन शैलिक प्रचलित तो यह परन्तु जैसे पड़ताल, होली (धमार गायन शैली) का प्रयोग नित प्रति न होकर किसी विशेष समारोह में ही होता है। इतना होते हुए भी यह गायन शैलियाँ अपने में एक विशिष्टता को सजोए हुए है।

# 173, 174 Behind ITI, Near Saini Chakky, Yamuna Nagar-135001 (Haryana) Mob.: 98135-35944

# ਸੰਗੀਤ - ਰਾਸ਼ਟਰੀ ਏਕਤਾ ਦਾ ਪ੍ਰਤੀਕ

ਡਾ. ਅਮਿਤਾ ਪਾਂਡੇ

ਭਾਰਤ ਵਿਭਿੰਨ ਧਰਮਾਂ, ਜਾਤੀਆਂ ਅਤੇ ਰੀਤੀ ਰਿਵਾਜਾਂ ਦਾ ਅਜਿਹਾ ਦੇਸ਼ ਹੈ ਜਿਸ ਵਿੱਚ ਵੱਖ ਵੱਖ ਸੰਸਕ੍ਰਿਤੀਆਂ ਦੇ ਲੋਕ ਆਪਣੇ ਆਪਣੇ ਪਹਿਰਾਵੇ, ਭਾਸ਼ਾ ਅਤੇ ਸੰਸਕਾਰਾਂ ਅਨੁਸਾਰ ਵਿਚਰਦੇ ਹੋਏ ਸੁਲਝੇ ਸਮਾਜ ਦੀ ਸਿਰਜਣਾਂ ਕਰਦੇ ਹਨ, ਜਿਸਨੂੰ ਰਾਸ਼ਟਰ ਅਤੇ ਦੇਸ਼ ਪ੍ਰੇਮ ਦੀ ਮਜਬੂਤ ਨੀਂਹ ਕਿਹਾ ਜਾ ਸਕਦਾ ਹੈ। ਆਮ ਤੌਰ ਤੇ ਵਿਸ਼ੇਸ਼ ਜਾਤੀ ਏਕਤਾ ਅਤੇ ਸੰਸਕ੍ਰਿਤੀ ਏਕਤਾ ਕਿਸੇ ਵੀ ਰਾਸ਼ਟਰ ਦੇ ਮੂਲ ਤੱਤ ਮੰਨੇ ਜਾਂਦੇ ਹਨ ਪਰੰਤੂ ਭਾਰਤ ਇਕ ਅਜਿਹਾ ਰਾਸ਼ਟਰ ਹੈ ਜਿਸ ਵਿੱਚ ਅਨੇਕਤਾ ਵਿੱਚ ਏਕਤਾ ਪਾਈ ਜਾਂਦੀ ਹੈ।

ਸੰਸਕ੍ਰਿਤੀ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਮਲੂਮ ਹੁੰਦਾ ਹੈ ਕਿ ਸੰਸਕ੍ਰਿਤੀ ਤੋਂ ਪਹਿਲਾਂ ਵੀ ਮਨੁਖੀ ਸਭਿਅਤਾ ਹੋਂਦ ਵਿੱਚ ਸੀ। ਬੇਸ਼ਕ ਸਭਿਅਤਾ ਅਤੇ ਸੰਸਕ੍ਰਿਤੀ ਮਨੁੱਖ ਦੁਆਰਾ ਰਚੀਆਂ ਗਈਆਂ ਹਨ ਪਰੰਤੂ ਇਹ ਦੋਵੇਂ ਮਨੁੱਖ ਦੀ ਵਿਚਾਰਨ ਸ਼ਕਤੀ ਦੀਆਂ ਵਿਭਿੰਨ ਦਿਸ਼ਾਵਾਂ ਦਰਸਾਉਂਦੀਆਂ ਹਨ। ਇਸੇ ਸ਼ਕਤੀ ਦਾ ਉਪਯੋਗ ਕਰਕੇ ਆਦਿ ਮਾਨਵ ਨੇ ਯੁਗ ਦੀਆਂ ਚਣੌਤੀਆਂ ਪਾਰ ਕਰਕੇ ਸਭਿਆ ਅਤੇ ਸੰਗਠਿਤ ਸਮਾਜ ਦੀ ਸਿਰਜਨਾ ਕੀਤੀ, ਜਿਸ ਵਿਚ ਵਿਭਿੰਨ ਕਲਾਵਾਂ, ਦਰਸ਼ਨ, ਗਿਆਨ, ਵਿਗਿਆਨ ਅਤੇ ਨੈਤਿਕ ਮੁੱਲਾਂ ਦਾ ਵਿਕਾਸ ਹੋਇਆ।

ਵਿਕਸਤ ਕਲਾਵਾਂ ਭਾਵੇਂ ਮਨੁੱਖ ਦੀ ਕਾਰਜ ਕੁਸ਼ਲਤਾ, ਉੱਤਮ ਤਕਨੀਕ ਅਤੇ ਯੋਜਨਾ ਬਣਾਉਣ ਦੀ ਸ਼ਕਤੀ ਬਾਰੇ ਜਾਣੂ ਕਰਾਉਂਦੀਆਂ ਹਨ, ਪਰੰਤੂ ਸੰਸਕ੍ਰਿਤੀ ਦਾ ਗੌਰਵ ਬਣਾਉਨ ਵਾਲੀਆਂ ਕਲਾਵਾਂ ਕਾਰਜ ਕੁਸ਼ਲਤਾ ਅਤੇ ਤਕਨੀਕ ਤੋਂ ਸਿਰਜਣਾਤਮਕ ਕ੍ਰਿਤੀ ਦੀ ਉਤਪੱਤੀ ਕਰਦੀਆਂ ਹਨ। ਸਿਰਜਣਾਤਮਕ ਕਲਾਵਾਂ ਸੁੰਦਰਤਾ ਤੱਤ ਦੀ ਅਨੁਭਵ ਕਰਾਉਂਦੀਆਂ ਹਨ ਜਿਸ ਵਿੱਚ ਪ੍ਰਤਿਭਾ, ਕਲਪਨਾਂ, ਭਾਵਨਾਵਾਂ ਅਤੇ ਅਵਿਸ਼ਕਾਰ ਆਦਿ ਦੇ ਤੱਤ ਮਜਬੂਤ ਹੁੰਦੇ ਹਨ। ਅਜਿਹੀਆਂ ਕਲਾਵਾਂ ਨੂੰ ਲਲਿਤ ਕਲਾਵਾਂ ਦੇ ਅੰਤਰਗਤ ਰਖਿਆ ਜਾਂਦਾ ਹੈ। ਲਲਿਤ ਕਲਾਵਾਂ ਦੇ ਅੰਤਰਗਤ ਮੁੱਖ ਤੌਰ ਤੇ ਨ੍ਰਿਤ ਕਲਾ, ਚਿਤ੍ਰ ਕਲਾ, ਵਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸੰਗੀਤ ਕਲਾ ਆਦਿ ਆਉਂਦੀਆਂ ਹਨ, ਜਿੰਨ੍ਹਾਂ ਵਿੱਚੋਂ ਸੰਗੀਤ ਕਲਾ ਨੂੰ ਸਰਵ ਉੱਤਮ ਕਲਾ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਸੰਗੀਤ ਕਲਾ ਦਾ ਮੁੱਖ ਉਦੇਸ਼ ਅਨੰਦ ਪ੍ਰਾਪਤੀ ਹੈ ਜਿਹੜਾ ਕਿ ਮਨੁੱਖ ਦਾ ਅਸਲ ਮਨੋਰਥ ਹੈ। ਸੰਗੀਤ ਹਰ ਜਾਤ, ਉਮਰ, ਰੰਗ, ਨਸਲ ਅਤੇ ਭੇਦ ਭਾਵ ਤੋਂ ਨਿਰਲੇਪ ਹੋ ਕੇ ਮਨੁੱਖ ਨੂੰ ਸੰਤੁਸ਼ਟੀ ਅਤੇ ਰੰਜਕਤਾ ਪ੍ਰਦਾਨ ਕਰਦਾ ਹੈ ਇਹੀ ਕਾਰਣ ਹੈ ਕਿ ਅੱਜ ਹਰ ਦੇਸ਼, ਹਰ ਪ੍ਰਾਂਤ, ਹਰ ਜਾਤ ਦੀਆਂ ਵਿਸ਼ੇਸ਼ ਪਰੰਪਰਾਵਾਂ ਭਾਰਤ ਦੀ ਸੰਸਕ੍ਰਿਤੀ ਵਿੱਚ ਮੌਜੂਦ ਹਨ।

"ਕਿਸੇ ਮਨੁੱਖ ਦਾ ਸਮਾਜ ਤੋਂ ਬਿਨਾਂ ਸੰਪੂਰਨ ਰੂਪ ਵਿੱਚ ਵਿਕਸਿਤ ਹੋਣਾ ਕਠਿਨ ਹੀ ਨਹੀਂ ਅਸੰਭਵ ਹੈ।"1 ਕਿਉਂਕਿ ਸਮਾਜ ਦੀ ਉਤਪੱਤੀ ਅਤੇ ਵਿਕਾਸ ਦੀ ਪ੍ਰਕ੍ਰਿਆ ਸਮੂਹਿਕ ਹੈ ਅਤੇ ਇਸ ਪ੍ਰਕ੍ਰਿਆ ਦੀ ਨਿਰੰਤਰਤਾ ਸਮਾਜ ਦੀਆਂ ਆਪਸੀ ਸਾਂਝਾਂ ਉਤੇ ਅਧਾਰਿਤ ਹੁੰਦੀ ਹੈ। ਇਸ ਕਰਕੇ ਹੀ ਕਿਸੇ ਰਾਸ਼ਟਰ ਜਾਂ ਦੇਸ਼ ਦੀ ਸੰਸਕ੍ਰਿਤੀ ਦੀ ਪਹਿਚਾਣ ਅਤੇ ਹੋਂਦ ਉਸਦੀਆਂ ਵਿਕਸਤ ਕਲਾਵਾਂ ਤੇ ਨਿਰਭਰ ਹੁੰਦੀ ਹੈ। ਸਮਾਜ ਵਿੱਚ ਇਕ ਸੂਰਤਾ ਦੀ ਮਾਲਾ ਵਿੱਚ ਪਰੋਣ ਲਈ ਲਲਿਤ ਕਲਾਵਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ ਜਿਹੜੀਆਂ ਹਰ ਵਰਗ ਦੇ ਲੋਕਾਂ ਨੂੰ ਮੰਤਰ ਮੁਗਧ ਕਰ ਲੈਂਦੀਆਂ ਹਨ ਅਤੇ ਲੋਕ ਸਹਿਜੇ ਹੀ ਇਕ ਦੂਸਰੇ ਦੇ ਨੇੜੇ ਆ ਜਾਂਦੇ ਹਨ।

ਸਵਰ ਅਤੇ ਲੈਅ ਸੰਗੀਤ ਦੇ ਮੁੱਖ ਤੱਤ ਹਨ ਜਿੰਨਾਂ ਦੇ ਅਧਾਰ ਤੇ ਸੰਗੀਤ ਦਾ ਮੂਲ ਢਾਂਚਾ ਟਿਕਿਆ ਹੋਇਆ ਹੈ। ਇਹ ਦੋਂ ਮੂਲ ਤੱਤ ਮਨੁੱਖੀ ਮਨ ਵਿੱਚ ਪ੍ਰਵੇਸ਼ ਕਰਕੇ ਮਨ ਨੂੰ ਟੁੰਭ ਲੈਂਦੇ ਹਨ ਅਤੇ ਮਨੁੱਖ ਦੀ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਦੇ ਹਨ। ਇਹੀ ਕਾਰਣ ਹੈ ਕਿ ਪ੍ਰਾਚੀਨ ਧਾਰਮਿਕ ਗ੍ਰੰਥ ਜਿੰਨ੍ਹਾਂ ਦੇ ਅੰਤਰਗਤ ਰਮਾਇਣ, ਮਹਾਭਾਰਤ, ਗੀਤਾ ਅਤੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਆਦਿ ਨੂੰ ਪਦਿਆਂ ਵਿੱਚ ਰਚਿਆ ਗਿਆ ਹੈ। ਇਨ੍ਹਾਂ ਦਾ ਇਕ ਇਕ ਸ਼ਬਦ ਹਜਾਰਾਂ ਵਰਿਆਂ ਤੋਂ ਲੋਕਾਂ ਦੇ ਮਨ ਨੂੰ ਅਮਰ ਤੱਤ ਪ੍ਰਦਾਨ ਕਰਦਾ ਚਲਿਆ ਆ ਰਿਹਾ ਹੈ। ਭਾਵਾਂ ਇਨ੍ਹਾਂ ਗ੍ਰੰਥਾਂ ਦੇ ਰਚਨਾਕਾਰਾਂ ਦਾ ਮੂਲ ਉਦੇਸ਼ ਸੰਗੀਤਕ ਤੱਤ ਉਭਾਰਨਾ ਨਹੀਂ ਸੀ ਬਲਕਿ ਧਾਰਮਿਕ ਪਰੰਪਰਾਵਾਂ ਨੂੰ ਵਿਕਸਤ ਕਰਨਾ ਸੀ। ਜਿਹੜੀਆਂ ਮਨੁੱਖ ਨੂੰ ਆਤਮਿਕ ਅਨੰਦ ਦਿੰਦੀਆਂ ਹਨ। ਪਰੰਤੂ ਇਨ੍ਹਾਂ ਰਚਨਾਕਾਰਾਂ ਨੇ ਸੰਗੀਤ ਨੂੰ ਇਕ ਮਾਧਿਅਮ ਦੇ ਰੂਪ ਵਿੱਚ ਅਪਣਾਇਆ, ਕਿਉਂਕਿ ਉਨ੍ਹਾਂ ਨੇ ਇਸ ਗਲ ਨੂੰ ਭਲੀ ਭਾਂਤ ਸਮਝ ਲਿਆ ਸੀ ਕਿ ਸੰਗੀਤ ਵਿੱਚ ਮਨੁਖੀ ਮਨ ਨੂੰ ਟੁੰਬਣ ਦੀ ਅਥਾਹ ਸ਼ਕਤੀ ਹੈ ਜਿਸਦਾ ਪ੍ਰਭਾਵ ਸਮੁੱਚੀ ਮਨੁੱਖਤਾ ਤੇ ਪੈਦਾ ਹੈ।

"ਸੁੰਦਰ ਗੁਣਾਂ ਨਾਲ ਸ਼ਿੰਗਾਰਿਆ ਹੋਇਆ ਸੰਗੀਤ ਸਾਡੇ ਸਤਰੰਗੀ ਅਤੇ ਸਮਾਜਿਕ ਵਾਤਾਵਰਣ ਵਿੱਚ ਇਕ ਨਵਾਂ ਪਰਿਵਰਤਨ ਲਿਆ ਸਕਦਾ ਹੈ।"2

ਸੰਗੀਤ ਰਾਸ਼ਟਰੀ ਏਕਤਾ ਲਈ ਵਿਭਿੰਨ ਪਹਿਲੂਆਂ ਦੁਆਰਾ ਯੋਗਦਾਨ ਦਿੰਦਾ ਹੈ। ਉਨ੍ਹਾਂ ਵਿੱਚ ਸੰਗੀਤ ਸੰਮੇਲਨ, ਗ੍ਰੰਥ ਪ੍ਰਕਾਸ਼ਨ, ਘਰਾਣਾ ਪ੍ਰਣਾਲੀ, ਦੂਰਦਰਸ਼ਨ, ਫਿਲਮਾਂ, ਰੇਡਿਓ ਅਤੇ ਚਲਚਿਤ੍ਰ ਆਦਿ ਵਿਸੇਸ਼ ਤੌਰ ਤੇ ਵਰਨਣਯੋਗ ਹਨ।

ਜਿਨ੍ਹਾਂ ਨੂੰ ਰਾਸ਼ਟਰੀ ਏਕਤਾ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ। ਏਕਤਾ ਵਿੱਚ ਸੰਗੀਤ ਦਾ ਵਿਸ਼ੇਸ਼ ਯੋਗਦਾਨ ਸੰਗੀਤ ਸੰਮੇਲਨਾਂ ਵਿੱਚ ਵਿਸ਼ੇਸ਼ ਰੂਪ ਨਾਲ ਵੇਖਣ ਨੂੰ ਮਿਲਦਾ ਹੈ।

ਜਿਸ ਨਾਲ ਸੰਪਰਦਾਇਕ ਏਕਤਾ ਪ੍ਰਫਲਿਤ ਹੁੰਦੀ ਹੈ। ਭਾਰਤ ਵਿੱਚ ਵਿਭਿੰਨ ਪ੍ਰਾਤਾਂ ਵਿੱਚ ਪ੍ਰਚਲਿਤ ਹੋਈਆਂ ਵਿਭਿੰਨ ਸ਼ੈਲੀ ਜਿਵੇਂ ਲਖਨਊ ਵਿੱਚ ਠੁਮਰੀ, ਪੰਜਾਬ ਵਿੱਚ ਟੱਪਾ ਅਤੇ ਗੁਰਮਤਿ ਸੰਗੀਤ, ਬੰਗਾਲ ਵਿੱਚ ਰਵਿੰਦਰ ਸੰਗੀਤ, ਦੱਖਣੀ ਭਾਰਤ ਵਿੱਚ ਵਿਸ਼ੇਸ਼ ਰਚਨਾਵਾਂ ਦਾ ਆਪਸੀ ਅਦਾਨ ਪ੍ਰਦਾਨ ਸਮੁੱਚੇ ਭਾਰਤ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਆ ਰਿਹਾ ਹੈ। ਜਿਸ ਰਾਹੀਂ ਸੰਗੀਤ ਰਾਸ਼ਟਰੀ ਏਕਤਾ ਲਈ ਵਿਸ਼ੇਸ਼ ਯੋਗਦਾਨ ਦਿੰਦਾ ਆ ਰਿਹਾ ਹੈ। ਵਿਭਿੰਨ ਕੌਮਾਂ ਰਾਹੀਂ ਅਵਿਸ਼ਕਾਰ ਕੀਤੇ ਹੋਏ ਵਾਦ ਜਿਨ੍ਹਾਂ ਵਿੱਚ ਅਮੀਰ ਖੁਸਰੋਂ ਨਾਲ ਸਬੰਧਤ ਸਿਤਾਰ, ਸਿਖਾਂ ਦੇ ਤੀਸਰੇ ਗੁਰੂ ਅਮਰਦਾਸ ਜੀ (ਪੰਜਾਬ) ਵੱਲੋਂ ਸਰੰਦੇ ਦਾ ਅਵਿਸ਼ਕਾਰ ਜਾਂ ਉਹ ਵਿਸ਼ੇਸ਼ ਵਾਦ ਜਿਨ੍ਹਾਂ ਨੂੰ ਵਿਦੇਸ਼ੀ ਵਾਦ ਮੰਨਿਆ ਜਾਂਦਾ ਹੈ ਜਿਵੇਂ ਹਰਮੋਨਿਅਮ, ਵਾਇਲਨ, ਗਿਟਾਰ ਆਦਿ ਦਾ ਪ੍ਰਚਾਰ ਸਮੁੱਚੇ ਭਾਰਤ ਵਿੱਚ ਹੋ ਰਿਹਾ ਹੈ। ਇਹ ਸਮੁੱਚੇ ਤੱਤ ਰਾਸ਼ਟਰੀ ਏਕਤਾ ਦੀ ਸਿਰਜਨਾਂ ਹੀ ਨਹੀਂ ਕਰਦੇ ਬਲਕਿ ਸਮੂਚੇ ਸੰਸਾਰ ਨਾਲ ਵਿਸੇਸ਼ ਸਾਂਝ ਜਾ ਪ੍ਰਗਟਾਵਾ ਕਰਦੇ ਹਨ।

ਰਾਗਾਂ ਦੇ ਸਬੰਧ ਵਿੱਚ ਕੁਝ ਵਿਸ਼ੇਸ ਰਾਗ ਜਿਨ੍ਹਾਂ ਦਾ ਸਬੰਧ ਮੁਸਲਮਾਨਾ ਨਾਲ ਮੰਨਿਆ ਜਾਂਦਾ ਹੈ ਜਿਵੇਂ ਸਾਜਗਿਰੀ, ਸਰਪਰਦਾ, ਇਮਨ (ਯਮਨ) ਆਦਿ ਅਤੇ ਤਾਲਾਂ ਦੇ ਸਬੰਧ ਵਿੱਚ ਸੂਲ ਫਾਕਤਾ ਫਰੋਦਸਤ ਆਦਿ ਸਮੁੱਚੇ ਭਾਰਤ ਦੇ ਸੰਗੀਤਕਾਰ

ਇਨ੍ਹਾਂ ਰਾਗਾਂ ਅਤੇ ਤਾਲਾਂ ਦਾ ਪ੍ਰਯੋਗ ਕਰਦੇ ਹਨ।

ਜੇਕਰ ਸਿੱਖਿਆ ਦੇ ਖੇਤਰ ਦੀ ਗਲ ਕਰੀਏ ਤਾਂ ਜੋ ਸੰਸਥਾਵਾਂ ਜਾਂ ਪਰੰਪਰਾਵਾਂ ਰਾਸ਼ਟਰੀ ਸੰਗੀਤ ਏਕਤਾ ਲਈ ਯੋਗਦਾਨ ਪਾ ਰਹੀਆਂ ਹਨ ਇਨ੍ਹਾਂ ਵਿੱਚੋਂ ਪਹਿਲੀ ਸਕੂਲਾਂ ਕਾਲਜਾਂ ਅਤੇ ਵਿਦਿਆਰਥੀਆਂ ਦੀ ਸੰਗੀਤ ਸਿੱਖਿਆ ਅਤੇ ਦੂਸਰੀ ਗੁਰੂ ਸ਼ਿਸ਼ ਪਰੰਪਰਾ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।ਸੰਗੀਤ ਰਾਹੀਂ ਰਾਸ਼ਟਰੀ ਏਕਤਾ ਦੀ ਭਾਵਨਾਂ ਦਾ ਬਚਪਣ ਤੋਂ ਹੀ ਬੱਚੇ ਦੀ ਨੀਂਹ ਮਜਬੂਤ ਕਰ ਸਕਦੀ ਹੈ

ਦੂਸਰੀ ਪਰੰਪਰਾ ਭਾਵ ਗੁਰੂ ਸ਼ਿਸ਼ ਪਰੰਪਰਾ ਭਾਰਤੀ ਸੰਗੀਤ ਵਿੱਚ ਰਾਸ਼ਟਰੀ ਏਕਤਾ ਦੀ ਠੋਸ ਬੁਨਿਆਦ ਰਹੀ ਹੈ। ਇਸ ਪਰੰਪਰਾ ਵਿੱਚ ਭਾਰਤ ਦੇ ਕੋਨੇ-ਕੋਨੇ ਵਿੱਚੋਂ ਸੰਗੀਤ ਪ੍ਰੇਮੀ ਸ਼ਿਸ਼ ਆਪਣੀ ਜਾਤ, ਧਰਮ ਦੇ ਬੰਧਨਾਂ ਨੂੰ ਤਿਆਗ ਕੇ ਗੁਰੂ ਦੀ ਸ਼ਰਣ ਵਿੱਚ ਜਾ ਕੇ ਸੰਗੀਤ ਸਿਖਿਆ ਗ੍ਰਹਿਣ ਕਰਦੇ ਹਨ। ਜਿਵੇਂ ਪੰਡਤ ਰਵੀ ਸ਼ੰਕਰ ਨੇ ਅਲਾਉਦੀਨ ਖਾਂ ਜੀ ਕੋਲੋਂ ਸੰਗੀਤ ਸਿੱਖਿਆ ਗ੍ਰਹਿਣ ਕੀਤੀ ਪਰ ਪੰਡਤ ਜੀ ਨੇ ਭਾਰਤ ਦੇਸ਼ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਸੰਗੀਤ ਸਿੱਖਿਆ ਦਾ ਪ੍ਰਚਾਰ ਕੀਤਾ ਜੋ ਕਿ ਸੰਗੀਤ ਰਾਹੀਂ ਰਾਸਟਰੀ ਏਕਤਾ ਦੀ ਵਿਸ਼ੇਸ਼ ਉਦਾਹਰਣ ਕਹੀ ਜਾ ਸਕਦੀ ਹੈ।

ਦੇਸ਼ ਤੇ ਅਜਾਦੀ ਲਈ ਜਾਂ ਹੋਰ ਕਿਸੇ ਤਰ੍ਹਾਂ ਦੀ ਔਕੜ ਲਈ ਸੰਗੀਤ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਵੀ ਇਕ ਵਿਸ਼ੇਸ਼ ਰੋਲ ਅਦਾ ਕਰਦਾ ਹੈ। ਰਾਸ਼ਟਰੀ ਏਕਤਾ ਨਾਲ ਸਬੰਧਿਤ ਰਚਨਾਵਾਂ ਨੂੰ ਸਮੁੱਚੇ ਦੇਸ਼ ਵਿੱਚ ਸੰਗੀਤ ਦੇ ਮਾਧਿਅਮ ਰਾਹੀਂ ਵਿਸ਼ੇਸ਼ ਸੰਦੇਸ਼ ਦੇ ਕੇ ਦੇਸ਼ ਦੇ ਵਾਸੀਆਂ ਨੂੰ ਮਜਬੂਤ ਕਰਦਾ ਹੈ।

ਉਪਰੋਕਤ ਵੇਰਵੇ ਰਾਹੀਂ ਇਹ ਸਿੱਧ ਹੁੰਦਾ ਹੈ ਕਿ ਭਾਰਤੀ ਸੰਗੀਤ ਨੇ ਸਾਰੇ ਭਾਰਤ ਨੂੰ ਇਕ ਮੁੱਠ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਜਿਸ ਨਾਲ ਹਰ ਪ੍ਰਾਂਤ ਦਾ ਵਾਸੀ ਆਪਣੇ ਆਪ ਨੂੰ ਦੂਸਰੇ ਪ੍ਰਾਂਤ ਨਾਲ ਜੁੜਿਆ ਮਹਿਸੂਸ ਕਰਦਾ ਹੈ।


1. "ਸੰਗੀਤ ਨਿਬੰਧ" ਵਿਜੈ ਕੁਮਾਰ ਅਗਰਵਾਲ, ਪੰਨਾ 33 ਪ੍ਰਕਾਸ਼ਕ ਪੰਜਾਬੀ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।
2. "ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੋਰਡ ਪਤ੍ਰਿਕਾ" ਪੰਨਾ 2
3. "ਸੰਗੀਤ ਨਿਬੰਧ ਸੰਗ੍ਰਹਿ ਪੋ. ਹਰੀਫ ਚੰਦ੍ਰ ਪੰਨਾ 269, ਪ੍ਰਕਾਸ਼ਕ ਸੰਗੀਤ ਸਦਨ ਪ੍ਰਕਾਸ਼ਨ 134/88 ਇਲਾਹਾਬਾਦ।
4. "ਸੰਗੀਤ ਨਿਬੰਧ ਸੰਗ੍ਰਹਿ ਪੋ. ਹਰੀਫ ਚੰਦ੍ਰ ਪੰਨਾ 271, ਪ੍ਰਕਾਸ਼ਕ ਸੰਗੀਤ ਸਦਨ ਪ੍ਰਕਾਸ਼ਨ 134/88 ਇਲਾਹਾਬਾਦ।



**Deptt. Of music, Sr. Lecturer, APeeJey College Fine Arts**



# ਵਿਦੇਸ਼ੀ ਪਾਠਕਾਂ ਨੂੰ ਬੇਨਤੀ

ਹੁਣ ਆਪ ਜੀ ਅੰਮ੍ਰਿਤ ਕੀਰਤਨ ਵੈਬਸਾਈਟ www.amritkirtan.com ਉਪਰ ਪੜ੍ਹ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਡਾਕ ਰਾਹੀਂ ਮੈਗਜ਼ੀਨ ਮੰਗਵਾਉਣਾ ਬੰਦ ਕਰਕੇ ਟ੍ਰਸਟ ਦਾ ਕਾਫੀ ਖਰਚਾ ਬਚਾ ਸਕਦੇ ਹੋ।

# Equipment

## Edgar A. Guest

Figure it out for yourself, my lad,
You've all that the greatest of men have had,
Two arms, two hands, two legs, two eyes,
And a brain to use if you would be wise.
With this equipment they all began,
So start for the top and say "I can."

Look them over, the wise and great,
They take their food from a common plate
And similar knives and forks they use,
With similar laces they tie their shoes,
The world considers them brave and smart.
But you've all they had when they made their start.

You can triumph and come to skill,
You can be great if only you will,
You're well equipped for what fight you choose,
You have legs and arms and a brain to use,
And the man who has risen, great deeds to do
Began his life with no more than you.

You are the handicap you must face,
You are the one who must choose your place,
You must say where you want to go.
How much you will study the truth to know,
God has equipped you for life, But He
Lets you decide what you want to be.

Courage must come from the soul within,
The man must furnish the will to win,
So figure it out for yourself, my lad,
You were born with all that the great have had,
With your equipment they all began.
Get hold of yourself, and say: "I can

**IF YOU WANT TO DONATE**

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਰਾਗ ਮਲ੍ਹਾਰ (ਮੀਆਂ ਮਲ੍ਹਾਰ)

ਪ੍ਰਿੰ: ਦਿਆਲ ਸਿੰਘ

ਵਾਦੀ-ਸ, ਸੰਵਾਦੀ-ਪ, ਠਾਟ-ਕਾਫੀ, ਜਾਤੀ ਵੱਕ੍ਰ-ਸੰਪੂਰਨ, ਸਮਾਂ : ਅੱਧੀ ਰਾਤ (ਵਰਖਾ ਰੁਤ ਵਿਚ ਹਰ ਸਮੇਂ) ਵਿਸ਼ੇਸ਼-ਗੰਧਾਰ-ਧੈਵਤ ਅੰਦੋਲਿਤ ਅਤੇ ਦੋਵੇਂ ਨਿਖਾਦ ਸਾਥ-ਸਾਥ ਵੀ ਲਗਦੇ ਹਨ।

ਮ                        ਧ     ਮ ਮ
ਆਰੋਹ-ਸ ਨ਼ਧ , ਨ਼ਧ ਨ਼ਸ , ਰ ਪ, ਨੁਧ ਨੁਧ ਨਸਂ। ਅਵਰੋਹ-ਸਂ ਨੁਪ, ਮਪ ਗੁ, ਗੁ, ਮ ਰ, ਸ।

ਧ                        ਮ ਮ ਮ
ਪਕੜ – ਨ਼ਸ ਰਸ ਨ਼-ਪ਼ , ਮ਼ ਪ਼ ਨ਼-ਧ਼ ਨ਼ ਧ ਨ਼ ਸ, ਰ ਪ ਗੁ ਗੁ ਗੁ ਮ ਰ, ਸ।

| | | | | | | | | | |
|---|---|---|---|---|---|---|---|---|---|
| x | | ੨ | | | 0 | | ੩ | | |
| ਨ਼ | | ਮ | | | ਮ | | | | |
| ਸ | ਸ | ਰ | ਪ | ਪ | ਗੁ | ਮ | ਰ | – | ਸ |
| ਨਾ | ਚ | ਤ | s | ਫਿ | ਰ | ਤ | ਮੋ | s | ਰ |
| ਸ | | | | | | | | | |
| ਨ਼ | ਸ | ਰ | – | ਸ | ਨ਼ਧ | ਨ਼ਧ | ਨ਼ | ਪ਼ | ਪ਼ |
| ਬਾ | ਦ | ਰ | s | ਕ | ਰs | ਤs | ਘੋ | s | ਰ |
| | | | | | | | ਸ | | |
| ਮ਼ | ਪ਼ | ਨ਼ਧ | ਨ਼ਧ | ਨ਼ | ਸ | ਰ | ਨ਼ | ਸ | ਸ |
| ਦਾ | ਮ | ਨੀs | ss | ਅ | ਨੇ | ਕ | ਭਾ | s | ਉ |
| | | | | | ਮ | | | | |
| ਮ | ਪ | ਨੁਧ | ਨੁਪ | ਪ | ਗੁ | ਮ | ਰ | ਸ | – |
| ਕ | ਰਿਓ | ਈs | ss | ਕ | ਰ | ਤ | ਹੈ | s | s |
| ਅੰਤਰਾ | | | | | | | | | |
| ਪ | | | | | | | | | |
| ਮ | ਪ | ਨੁਧ | ਨੁਧ | ਨ | ਸਂ | ਨ | ਸਂ | – | ਸਂ |
| ਚੰ | ਦ੍ਰ | ਮਾs | ss | ਤੇ | ਸੀ | ਤ | ਲ | s | ਨ |
| ਸਂ | | | | | ਸਂ | | ਧ | ਧ | |
| ਨ | ਸਂ | ਰਂ | ਸਂ | ਸਂ | ਨ | ਸਂ | ਨੁ | ਨੁ | ਪ |
| ਸੂ | ਰ | ਜ | s | ਤੇ | ਤ | ਪਤ | ਤੇ | s | ਜ |
| ਨ | | ਮਂ | ਮਂ | | | | | | |
| ਸਂ | ਸਂ | ਗੁਂ | ਗੁਂ | ਮਂ | ਰਂ | – | ਸਂ | – | ਸਂ |
| ਇੰ | ਦ੍ਰ | ਸੋ | s | ਨ | ਰਾ | s | ਜਾ | s | ਭਵ |
| ਧ | ਪ | ਪ | ਧ | | ਮ | | | | |
| ਨੁ | ਮ | ਨੁ | ਨੁ | ਪ | ਗੁ | ਮ | ਰ | ਸ | – |
| ਭੂ | ਮ | ਕੋ | s | ਭ | ਰ | ਤ | ਹੈ | s | s |

## ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਨਾਚਤ ਫਿਰਤ ਮੋਰ ਬਾਦਰ ਕਰਤ ਘੋਰ
ਦਾਮਿਨੀ ਅਨੇਕ ਭਾਉ ਕਰਿਉ ਈ ਕਰਤ ਹੈ।
ਚੰਦ੍ਰਮਾ ਤੇ ਸੀਤਲ ਨਾ ਸੂਰਜ ਤੇ ਤਪਤ ਤੇਜ
ਇੰਦ੍ਰ ਸਉਂ ਨਾ ਰਾਜਾ ਭਵ ਭੂਮ ਕੇ ਭਰਤ ਹੈ
ਸਿਵ ਸੇ ਤਪਾਸੀ ਆਦਿ ਬ੍ਰਹਮਾ ਸੇ ਨਾ ਬੇਦਚਾਰੀ
ਸਨਤ ਕੁਮਾਰ ਸੇ ਤਪੱਸਿਆ ਨਾ ਅਨਤ ਹੈ
ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ
ਜੁਗਨ ਕੀ ਚਉਕੜੀ ਫਿਰੇ ਈ ਫਿਰਤ ਹੈ
(ਗੁਰੂ ਗੋਬਿੰਦ ਸਿੰਘ ਜੀ)

The peacock is a peerless dancer, thye could a unique drummer and the lightning an enchanting danseuse. The moon is unrivalled in coolness, the sun in scorching heat and Indra in kingly grandeur. There is no ascetic like shiva, no knower of the Ve das like Brahama and nobody equals Sanat Kumarin leading a life of austerities. And yet bereft of True realization they are all subject to Death and gyrate in the Cycle of Yugas.


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# A SUFI EXPERIENCE



As excellence chases perfection. It wears the hues of experiences, which have long been guided by wisdom. Of Kabir Das and his mysticism, there's much that can be expounded, but only a few explore the simplicity of his thoughts.

At Tagore Theatre on the second day of the sixth Annual Kabir Festival, Jagir Singh and Sawan Khan pursued Kabir's Expression of chastity.

While Sawan Khan Manganiyar, a sufi musician, who hails from Rajasthan, inextricably merged the soulful melody of his musicality with Kabir's lyrical genuis, Jagir Singh incorporated the religious nauances from Kabir's baani in Guru Granth Sahib which exudes in the serenity Gurumat Sangeet.

"Soon after I completed my Ph.D.in relation of group poetry with intense liking to Kabir's baani that has been mentioned in the Guru Granth Sahib. It was surprising to note the composition of ashtpadhis and the gayan shallies. I am astounded with the Sikh musicology and the alarming degrees which one can connect with God through music", said Jagir Singh, who has been pursuing this classical art for over 40 years new. "I have been awarded the Shromani Ragi Award and was also conferred with various awards by the Sangeet Natak Akademi for my contribution to Gurmat sangeet", added Singh, who has performed in several countries including Americal, England, Newzealand, Iran and Holland.

Meanwhile, Sawan Khan, who has a rather rustic charm in both, his musically and disposition, said, "I care not for the awards for critical acclaim, my muic is prely Sufi and it tenders a medium through which I can conect with God, while I sing, I am engrossed and that is what sufi music is all about.

Sawan has performed at the MTV Coke Studio apart from performing at various other international avenues across the globe. He belongs to the Manghanyar, sect. a renowned group of poeho sing wide repertoire of ancient songs. Sawan sings in Sindh and is the vocalist of Musafir gypsiers of Rajasthan which comprises traditional Rajasthani artists.

Postal Regd. No. G/CHD /0045/2012-14 RNI Regd. No. 46788/89 ISSN 0972-2335

ੴ

ਗੁਰਬਾਣੀ ਕੀਰਤਨ

ਪੁਰਾਤਨ ਕੀਰਤਨੀਏ

## ਭਾਈ ਬਖਸ਼ੀਸ਼ ਸਿੰਘ ਜੀ

Dedicated to : S. Harkishan Singh Dhupia

Special thanks S. Mohinder Singh Bindra

**MP3**

**AMRIT KIRTAN**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈੱਸ
ਮੋਬਾਇਲ ਨੰ: 9855640630 ਉੱਤੇ ਐੱਸ. ਐੱਮ. ਐੱਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015, ਮੋਬਾਇਲ : 9855640630
E-mail : drjagirsingh@gmail.com Webstie : www.amritkirtan.com